ਮਾਰਗ

ਅੰਕ 2

ਜੂਨ 2020

ਅੰਬਰ

ਸ਼ੰਪਾਦਕ

ਮੀਤ ਅਨਮੋਲ

ਸਲਾਹਕਾਰੀ ਬੋਰਡ

ਰਵਿੰਦਰ 'ਰਵੀ'

ਪ੍ਰਭਜੋਤ 'ਸੋਹੀ'

ਡਿਜਾਇਨਿੰਗ ਟੀਮ

ਰੋਹਿਤ ਸ਼ਰਮਾਂ

ਮੀਤ ਅਨਮੋਲ

ਪਰੂਫ਼ ਰੀਡਿੰਗ ਟੀਮ

ਬਿੱਟੂ ਕਲਾਸਿਕ

ਰੁਪਿੰਦਰ ਕੌਰ

ਕਨੂੰਨੀ ਸਲਾਹਕਾਰ

ਐਡਵੋਕੇਟ ਮਨਜੀਤ ਸਿੰਘ
(ਲੁਧਿਆਣਾ)

ਸਰਵਰਕ ਫੋਟੋ

Casey Horner

ਤਤਕਰਾ

ਵਾਰਤਕ •

ਤਖ਼ਤੀ ਬਦਲ ਗਈ ਹੈ / ਓਸ਼ੋ ਪ੍ਰਵਚਨ / 6

ਜੁਰਮ, ਸਜ਼ਾ ਤੇ ਨਿਆਂ / ਪਰਮਿੰਦਰ ਸੋਢੀ / 22

ਪਾਣੀ ਕੋਈ ਤੱਤ ਹੈ ਜਾਂ ਰਹੱਸ / ਸ਼ਮੀਲ / 41

ਕਥਾ / ਕਹਾਣੀ •

ਤਿਆਗ / ਰਘੁਬੀਰ ਢੰਡ / 9

ਖਾਸ ਤੁਹਾਡੇ ਸਭ ਲਈ / ਅਨਿਤਾ ਲਲਿਤ / 20

ਕਿਸ਼ਤੀ ਖਾਲੀ ਹੈ / ਝੇਨ ਕਥਾ / 30

ਦੋ ਲਘੂ ਕਥਾਵਾਂ / ਸਾਬਿਰ ਅਲੀ ਸਾਬਿਰ / 32

ਚੁਗਲਖੋਰ / ਸੁਖਦੇਵ ਮਾਦਪੁਰੀ / 54

ਜੈਲ / ਰਾਜਨ ਸਿੰਘ / 58

ਕਾਵਿ ਰੰਗ •

ਗ਼ਜ਼ਲ / ਜਸਵਿੰਦਰ / 18

ਕਵਿਤਾ / ਤਨਵੀਰ / 19

ਗ਼ਜ਼ਲ / ਹਰਦਿਆਲ ਸਾਗਰ / 27

ਕਵਿਤਾ / ਮਨਜੀਤ ਸ਼ੁਭ੍ਰਮ / 28

ਕਵਿਤਾ / ਸਰਬਜੀਤ ਸੋਹੀ / 38

ਗ਼ਜ਼ਲ / ਨਿਵੇਦਿਤਾ ਸ਼ਰਮਾ / 39

ਕਵਿਤਾ / ਗਗਨ ਚੀਮਾ / 50

ਕਵਿਤਾ / ਜਗਜੀਵਨ ਕੌਰ / 65

ਹਾਸਯਮੇਵ ਜਯਤੇ •

ਤਸਕਰੀ / ਮੁੱਲਾ ਨਸਰੁਦੀਨ ਦਾ ਕਿੱਸਾ / 25

ਕੁਝ ਕਹੇ ਕਿਤਾਬ •

ਗੂੰਗੀ ਚੀਖ਼ ਦਾ ਬਿਰਤਾਂਤ / ਪ੍ਰਭਜੋਤ ਸੋਹੀ / 33

ਪੰਜ ਸਵਾਲ •

ਜਵਾਬ / ਸੁਖਦੇਵ ਸਿੰਘ ਸਿਰਸਾ / 51

ਸੰਪਾਦਕੀ

ਅੰਬਰ ਨਾਲ ਜੁੜੇ ਸਾਰੇ ਪਾਠਕਾਂ ਨੂੰ ਪਿਆਰ ਤੇ ਸਤਿਕਾਰ ਸਹਿਤ ਸਤਿ ਸ੍ਰੀ ਅਕਾਲ, ਆਦਾਬ, ਨਮਨ ਆਖਦਾ ਹਾਂ। ਪਿਆਰੇ ਦੋਸਤੋ ਜਿਵੇਂ ਤੁਸੀਂ ਅੰਬਰ ਮੈਗਜ਼ੀਨ ਦੀ ਆਮਦ ਨੂੰ ਭਰਵੇਂ ਹੁੰਗਾਰੇ ਨਾਲ ਪ੍ਰਵਾਨ ਕੀਤਾ ਹੈ ਉਸ ਲਈ ਮੈਂ ਤੇ ਅੰਬਰ ਦੀ ਸਾਰੀ ਟੀਮ ਤੁਹਾਡੀ ਤਹਿ ਦਿਲੋਂ ਰਿਣੀ ਹੈ। ਪਹਿਲੇ ਅੰਕ ਤੋਂ ਬਾਅਦ ਤੁਹਾਡੇ ਵੱਲੋਂ ਬਹੁਤ ਕੀਮਤੀ ਸੁਝਾਅ ਮਿਲੇ, ਜਿੰਨਾਂ ਤੇ ਕਾਫ਼ੀ ਹੱਦ ਤੱਕ ਅਮਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁਝ ਦੋਸਤਾਂ ਨੇ ਸਾਨੂੰ ਆਰਥਿਕ ਸਹਿਯੋਗ ਵੀ ਭੇਜਿਆ, ਉਹਨਾਂ ਦੋਸਤਾਂ ਦੇ ਬਹੁਤ ਸ਼ੁਕਰਗੁਜ਼ਾਰ ਹਾਂ। ਆਸ ਹੈ ਕਿ ਤੁਸੀਂ ਇੰਝ ਹੀ ਅੰਬਰ ਨੂੰ ਪਲਕਾਂ 'ਤੇ ਚੁੱਕੀ ਰੱਖੋਗੇ ਤੇ ਸਾਨੂੰ ਤੁਹਾਡਾ ਪਿਆਰ, ਸੁਝਾਅ ਤੇ ਸਹਿਯੋਗ ਮਿਲਦਾ ਰਹੇਗਾ। ਅਸੀਂ ਵੀ ਪਿਆਰ ਦੇ ਮੋੜਵੇਂ ਤੋਹਫ਼ੇ ਵਜੋਂ ਤੁਹਾਡੀ ਉਮੀਦ, ਪਿਆਰ ਤੇ ਸਾਹਿਤਕ ਮਿਆਰ 'ਤੇ ਖਰੇ ਉਤਰਨ ਲਈ ਸਦਾ ਯਤਨਸ਼ੀਲ ਰਹਾਂਗੇ।

ਤੁਹਾਡਾ ਆਪਣਾ — ਮੀਤ ਅਨਮੋਲ

COVID-19 ਨੂੰ ਫੈਲਣ ਤੋਂ ਰੋਕਣ ਦੇ

7 ਕਦਮ

01 ਆਪਣੇ ਹੱਥ ਬਾਰ-ਬਾਰ ਧੋਵੋ ।

02 ਆਪਣੀਆਂ ਅੱਖਾਂ, ਨੱਕ ਅਤੇ ਮੂੰਹ ਨੂੰ ਛੂਹਣ ਤੋਂ ਪ੍ਰਹੇਜ਼ ਕਰੋ ।

03 ਛਿੱਕਦੇ ਸਮੇਂ ਆਪਣੀ ਕੂਹਣੀ ਦੇ ਮੋੜ, ਰੁਮਾਲ ਜਾਂ ਟਿਸ਼ੂ ਪੇਪਰ ਦੀ ਵਰਤੋਂ ।

04 ਭੀੜ-ਭੜੱਕੇ ਵਾਲੀਆਂ ਥਾਵਾਂ ਤੇ ਜਾਣ ਅਤੇ ਕਿਸੇ ਨਾਲ ਵੀ ਨਜ਼ਦੀਕੀ ਸੰਪਰਕ ਤੋਂ ਪ੍ਰਹੇਜ ਕਰੋ ਖਾਸ ਕਰ ਜਿਸ ਨੂੰ ਬੁਖਾਰ ਜਾਂ ਖੰਘ ਹੈ ।

05 ਜੇਕਰ ਤੁਸੀਂ ਬੀਮਾਰ ਮਹਿਸੂਸ ਕਰ ਰਹੇ ਹੋ ਤਾਂ ਘਰ ਰਹੋ ।

06 ਜੇ ਤੁਹਾਨੂੰ ਬੁਖਾਰ, ਖਾਂਸੀ ਅਤੇ ਸਾਹ ਲੈਣ ਵਿੱਚ ਮੁਸ਼ਕਲ ਹੈ, ਤਾਂ ਜਲਦੀ ਨਾਲ ਡਾਕਟਰੀ ਦੇਖਭਾਲ਼ ਲਓ - ਪਰ ਪਹਿਲਾਂ ਫੋਨ ਕਰੋ ।

07 ਭਰੋਸੇਯੋਗ ਸਰੋਤਾਂ ਤੋਂ ਜਾਣਕਾਰੀ ਪ੍ਰਾਪਤ ਕਰੋ ।

ਮਾਸਕ ਦੀ ਵਰਤੋਂ ਕਦੋਂ ਕਰੀਏ ?



ਜੇ ਤੁਸੀਂ ਸਿਹਤਮੰਦ ਹੋ, ਤਾਂ ਤੁਹਾਨੂੰ ਮਾਸਕ ਪਹਿਨਣ ਦੀ ਜ਼ਰੂਰਤ ਤਾਂ ਹੈ ਜੇ ਤੁਸੀਂ ਕਿਸੇ ਕਰੋਨਾ ਵਾਇਰਸ ਤੋਂ ਪ੍ਰਭਾਵਿਤ ਜਾਂ ਸ਼ੱਕੀ ਵਿਅਕਤੀ ਦੀ ਦੇਖਭਾਲ ਕਰ ਰਹੇ ਹੋ ਜਾਂ ਜਿਆਦਾ ਇਕੱਠ ਵਾਲੀ ਜਗ੍ਹਾ 'ਤੇ ਜਾ ਰਹੇ ਹੋ ।

ਮਾਸਕ ਪਹਿਨੋ ਜੇ ਤੁਹਾਨੂੰ ਬਾਰ ਬਾਰ ਖੰਘ ਜਾਂ ਛਿੱਕਾਂ ਆ ਰਹੀਆਂ ਹਨ ।

ਮਾਸਕ ਸਿਰਫ ਤਾਂ ਹੀ ਅਸਰਦਾਰ ਹੁੰਦੇ ਹਨ ਜਦੋਂ ਤੁਸੀਂ ਆਪਣੇ ਹੱਥ ਵੀ ਅਲਕੋਹਲ-ਯੁਕਤ ਸੈਨੀਟਾਈਜ਼ਰ ਜਾਂ ਸਾਬਣ ਅਤੇ ਪਾਣੀ ਨਾਲ ਬਾਰ ਬਾਰ ਸਾਫ਼ ਕਰਦੇ ਹੋ ।

ਜੇ ਤੁਸੀਂ ਮਾਸਕ ਪਹਿਨਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਇਸ ਨੂੰ ਸਹੀ ਢੰਗ ਨਾਲ ਇਸਤੇਮਾਲ ਕਰਨ ਅਤੇ ਵਰਤੋਂ ਪਿੱਛੋਂ ਇਸ ਦਾ ਸਹੀ ਢੰਗ ਨਾਲ ਨਿਪਟਾਰਾ ਕਰਨ ਦਾ ਪਤਾ ਹੋਣਾ ਚਾਹੀਦਾ ਹੈ ।

ਮੈਂ ਕਲਕੱਤੇ ਇਕ ਘਰ ਵਿਚ ਮਹਿਮਾਨ ਹੁੰਦਾ ਸੀ । ਗੁਆਂਢ ਵਿਚ ਇਕ ਪੁਰਤਗਾਲੀ ਚਰਚ ਸੀ । ਇੱਕ ਬਹੁਤ ਹੀ ਸੁੰਦਰ ਚਰਚ ਸੀ । ਪਰ ਜਿਸ ਘਰ ਵਿਚ ਮੈਂ ਠਹਿਰਦਾ ਸੀ ਉਹ ਇਕ ਜੈਨ ਘਰ ਸੀ । ਮੈਂ ਸਵੇਰੇ ਉੱਠ ਕੇ ਚਰਚ ਦੇ ਬਗੀਚੇ 'ਚ ਚਲਾ ਜਾਂਦਾ ਸੀ । ਇਕ ਦਿਨ ਘਰ ਦੇ ਮੇਜ਼ਬਾਨ ਨੂੰ ਪਤਾ ਲੱਗਿਆ ਤਾਂ ਉਹ ਮੇਰੇ ਕੋਲ ਆਇਆ ਅਤੇ ਬਹੁਤ ਨਰਾਜ਼ ਹੋਇਆ । ਅਤੇ ਕਹਿਣ ਲੱਗਾ, "ਤੁਹਾਨੂੰ ਨਹੀਂ ਪਤਾ, ਇਹ ਚਰਚ ਹੈ । ਜੇ ਤੁਸੀਂ ਮੰਦਰ ਜਾਣਾ ਚਾਹੁੰਦੇ ਹੋ, ਤਾਂ ਮੈਨੂੰ ਦੱਸੋ । ਮੈਂ ਤੁਹਾਨੂੰ ਜੈਨ ਮੰਦਰ ਲੈ ਜਾਵਾਂ ।"

ਮੈਂ ਉਸਨੂੰ ਕੁਝ ਨਾ ਕਿਹਾ । ਨਾਸਮਝਾ ਨਾਲ ਬਹੁਤੀ ਵਾਰ ਨਾ ਬੋਲਣਾ ਹੀ ਸਮਝਦਾਰੀ ਹੈ । ਮੈਂ ਚੁੱਪ ਚਾਪ ਉਸਦੇ ਘਰ ਮੁੜ ਆਇਆ । ਉਸ ਨੂੰ ਇਹ ਘੋਰ ਅਪਰਾਧ ਜਾਪਿਆ ਕਿ ਮੈਂ ਤੇ ਉਹ ਵੀ ਚਰਚ ਚਲਾ ਗਿਆ ਸੀ । ਅਤੇ ਕੇਵਲ ਗਿਆ ਹੀ ਨਹੀਂ, ਉਥੇ ਸਕੂਨ ਨਾਲ ਬੈਠਾ ਹੋਇਆ ਸੀ ।

ਫਿਰ ਕੁਝ ਸਾਲਾਂ ਬਾਅਦ, ਇਤਫ਼ਾਕ ਨਾਲ, ਮੈਂ ਦੁਬਾਰਾ ਉਸੇ ਘਰ ਮਹਿਮਾਨ ਹੋਇਆ । ਅਤੇ ਉਨ੍ਹਾਂ ਨੇ ਕਿਹਾ, "ਤੁਹਾਨੂੰ ਇਕ ਖੁਸ਼ਖਬਰੀ ਦੇਵਾਂ ? ਉਹ ਪੁਰਤਗਾਲੀ ਚਰਚ ਵਿੱਕ ਗਿਆ ਹੈ ਅਤੇ ਅਸੀਂ ਇਸਨੂੰ ਖਰੀਦ ਲਿਆ ਹੈ ਅਤੇ ਪੁਰਤ-ਗਾਲੀ ਚਲੇ ਗਏ ਹਨ । ਚਰਚ ਵਿੱਕ ਰਿਹਾ ਸੀ ਅਤੇ ਅਸੀਂ ਜੈਨੀਆਂ ਨੇ ਖਰੀਦ ਲਿਆ । ਹਣ ਓਹ ਜੈਨ ਮੰਦਰ ਬਣ ਗਿਆ ਹੈ । ਆਓ ਤੁਹਾਨੂੰ ਦਿਖਾਉਂਦਾ ਹਾਂ ।" ਹੁਣ ਉਹ ਆਪ ਮੈਨੂੰ ਉੱਥੇ ਲੈ ਕੇ ਗਿਆ । ਉਹੀ ਚਰਚ! ਇਹ ਹੁਣ ਇਕ ਜੈਨ ਮੰਦਰ ਹੈ । ਤਖ਼ਤੀ ਬਦਲ ਗਈ ਹੈ ।

ਰੁੱਖ ਉਹੀ ਹਨ । ਪਰਮਾਤਮਾ ਅਜੇ ਵੀ ਉਹੀ ਹੈ – "ਕਹੈ ਕਬੀਰ ਹਰਿ ਐਸਾ" ਪਰ ਓਹਨਾਂ ਦਾ ਮਾਲਕ ਬਦਲ ਗਿਆ ਹੈ । ਰੁੱਖ ਅਜੇ ਵੀ ਉਹੋ ਜਿੱਹੇ ਹਨ । ਫੁੱਲ ਅਜੇ ਵੀ ਉਥੇ ਓਵੇਂ ਹੀ ਖਿੜ੍ਹਦੇ ਹਨ । ਹੁਣ ਉਹ ਜਿਆਦਾ ਸੂਹੇ ਰੰਗਾਂ ਨਾਲ ਨਹੀਂ ਖਿੜ੍ਹਦੇ ਕਿ ਇਹ ਜੈਨੀਆਂ ਦਾ ਮੰਦਰ ਬਣ ਗਿਆ ਹੈ । ਜਾਂ ਪਹਿਲਾਂ ਇਹ ਵਧੇਰੇ ਰੰਗ-ਰੌਣਕ ਨਾਲ ਨਹੀਂ ਖਿੜ੍ਹਦੇ ਸਨ

ਕਿ ਇਹ ਇਸਾਈਆਂ ਦਾ ਇੱਕ ਚਰਚ ਸੀ ।

ਫੁੱਲ ਜਾਣਦੇ ਹੀ ਨਹੀਂ ਕਿ ਬੰਦੇ ਦੀਆਂ ਕਿਹੋ ਕਿਹੋ ਜਹੀਆਂ ਬੇਵਕੂਫ਼ੀਆਂ ਹਨ । ਫੁੱਲਾਂ ਨੂੰ, ਰੁੱਖਾਂ ਨੂੰ, ਇਹ ਪਤਾ ਹੀ ਨਹੀਂ ਲੱਗਿਆ ਹੋਵੇਗਾ ਕਿ ਤਖ਼ਤੀ ਬਦਲ ਗਈ ਹੈ । ਬਸ ਤਖ਼ਤੀ ਬਦਲੀ ਹੈ, ਹੋਰ ਕੁਝ ਵੀ ਨਹੀਂ ਬਦਲਿਆ । ਤਖ਼ਤੀਆਂ ਵਿੱਚ ਕੋਈ ਰੱਬ ਨਹੀਂ ਹੈ । ਉਹ ਬੰਦੇ ਦੀਆਂ ਹਨ । ਤੁਹਾਡੇ ਲੇਬਲਾਂ ਵਿੱਚ ਰੱਬ ਨਹੀਂ ਹੈ; ਉਹ ਤੁਹਾਡੇ ਹਨ ।

ਹੁਣ ਉਹ ਮੈਨੂੰ ਬਹੁਤ ਖੁਸ਼ੀ ਨਾਲ ਲੈ ਕੇ ਗਿਆ । ਸਭ ਕੁਝ ਉਹੀ ਹੈ । ਕੰਧਾਂ ਉਹੀ ਹਨ, ਸੰਗਮਰਮਰ ਉਹੀ ਹੈ । ਪਰ ਮੈਂ ਉਸਨੂੰ ਕੁਝ ਕਿਹਾ ਨਾ । ਨਾਸਮਝਾਂ ਨੂੰ ਕੁਝ ਨਾ ਕਹਿਣਾ ਹੀ ਸਮਝਦਾਰੀ ਹੈ । ਉਹ ਬਹੁਤ ਖੁਸ਼ ਹੈ, ਹੁਣ ਜੈਨ ਮੰਦਰ ਹੈ ।

ਬੰਦਾ ਕਿੰਨਾ ਮੂਰਖ ਹੈ! ਜੇ ਤੁਹਾਨੂੰ ਰੱਬ ਚਾਹੀਦਾ ਹੈ, ਤਾਂ ਮਨੁੱਖ ਦੀ ਮੂਰਖਤਾ ਤੋਂ ਬਚੋ । ਅਤੇ ਇਹ ਮੂਰਖਤਾ ਕੋਈ ਸਧਾਰਨ ਨਹੀਂ, ਮਨੁੱਖ ਦੀ ਮੂਰਖਤਾ ਮਹਾਨ ਸ਼ਾਸਤਰਾਂ 'ਚ ਲਪੇਟੀ ਹੋਈ ਹੈ । ਬਹਤ ਹੀ ਪੰਡਿਤਾਈ-ਪਰਨ ਹੈ । ਇਸ ਲਈ ਤੁਸੀਂ ਜਲਦੀ ਪਛਾਣ ਵੀ ਨਹੀਂ ਸਕੋਗੇ ।

ਕਹੇ ਕਬੀਰ ਦਿਵਾਨਾ, ਪ੍ਰਵਚਨ-9

ਤਿਆਗ / ਰਘੁਬੀਰ ਢੰਡ

ਉਨ੍ਹਾਂ ਨੇ ਪੰਜ ਕਿਸਮ ਦਾ ਮੀਟ ਵੀ ਆਪਣੀ ਪਲੇਟ ਵਿਚ ਪਵਾ ਲਿਆ, ਕਈ ਤਰ੍ਹਾਂ ਦੀਆਂ ਸਬਜ਼ੀਆਂ ਵੀ, ਮਾੜੀ-ਮੋਟੀ ਦਾਲ, ਚਟਣੀਆਂ ਅਤੇ ਸਲਾਦ ਵੀ। ਪਰ ਬਿਰਿਆਨੀ ਨੂੰ ਨਾਂਹ ਕਰਦਿਆਂ ਭਰੀ-ਭਰਾਈ ਕੜਛੀ ਵਾਪਸ ਰਖਾ ਦਿਤੀ। ਇਹ ਕੌਤਕ ਵੇਖ ਮੁੱਖ ਮੇਜ਼ਬਾਨ ਰੋਲੀ ਵਾਂਗ ਉਨ੍ਹਾਂ ਕੋਲ ਪੁੱਜਿਆ।

"ਕੀ ਗੱਲ ਹੱਥ ਕਿਉਂ ਰੋਕ ਦਿਤਾ, ਜਨਾਬ!... ਰੰਗ ਪਸੰਦ ਨਹੀਂ, ਖੁਸ਼ਬੂ ਪ ਸੰਦ ਨਹੀਂ, ਜਾਂ ਸਾਥੋਂ ਹੀ ਨਾਚੀਜ਼ਾਂ ਤੋਂ ਕੋਈ ਗੁਸਤਾਖੀ ਹੋ ਗਈ।"

"ਨਹੀਂ, ਨਹੀਂ! ਐਸੀ ਕੋਈ ਬਾਤ ਨਹੀਂ।" ਇੰਜ ਆਖ ਮੰਤਰੀ ਸਾਹਿਬ ਇਸ ਬਿਰਿਆਨੀ ਪਿੱਛੇ ਲੁਕੀ ਕਹਾਣੀ 'ਚ ਗਵਾਚ ਗਏ...

ਮੰਤਰੀ ਸਾਹਿਬ ਕੱਲ੍ਹ ਏਅਰ ਇੰਡੀਆ ਰਾਹੀਂ ਤਸ਼ਰੀਫ ਲਿਆਏ ਸਨ। ਉਨ੍ਹਾਂ ਦੀ ਪਾਰਟੀ ਦੇ ਮੁੱਖ ਪ੍ਰਤੀਨਿਧੀ ਅਤੇ ਉਨ੍ਹਾਂ ਦੇ ਇਲਾਕੇ ਦੀਆਂ ਵਿਦੇਸ਼ ਵਸਦੀਆਂ ਮਸ਼ਹੂਰ ਹਸਤੀਆਂ ਏਅਰ ਪੋਰਟ 'ਤੇ ਸੁਆਗਤ ਲਈ ਹਾਜ਼ਰ ਸਨ।

ਮੰਤਰੀ ਸਾਹਿਬ ਚਿੱਟੀ ਦੁੱਧ ਪੱਗ, ਅਚਕਨ ਅਤੇ ਚਿੱਟੇ ਦੁੱਧ ਪਜਾਮੇ, ਤੇ ਲਿਸ਼ਕਦੇ ਕਾਲੇ ਬੂਟਾਂ ਨਾਲ ਲੈਸ ਸਨ। ਬਾਰ੍ਹਾਂ ਘੰਟਿਆਂ ਦੀ ਲੰਮੀ - ਅਕਾਊ ਫਲਾਈਟ ਪਿਛੋਂ ਵੀ ਉਨ੍ਹਾਂ ਦਾ ਚਿਹਰਾ ਉਤਰਿਆ ਅਤੇ ਥੱਕਿਆ ਹੋਇਆ ਨਹੀਂ ਸੀ ਜਾਪਦਾ: ਸਗੋਂ ਉਹ ਤਾਂ ਇੰਨੇ ਤਾਜ਼ਾ ਅਤੇ ਖਿੜੇ ਹੋਏ ਸਨ ਜਿਵੇਂ ਹੁਣੇ ਇਸ਼ਨਾਨ ਕਰ ਕੇ ਆਏ ਹੋਣ।

ਸੁਆਗਤ ਕਰਨ ਵਾਲਿਆਂ ਵਿਚੋਂ ਮੁੱਖ ਪ੍ਰਤੀਨਿਧੀ ਨੇ ਤਾਂ ਆਖ ਵੀ ਦਿੱਤਾ: "ਮੰਤਰੀ ਸਾਹਿਬ! ਏਨੇ ਲੰਮੇ ਸਫਰ ਤੋਂ ਪਿੱਛੋਂ ਤਾਂ ਬੰਦਾ ਇੰਜ

ਜਾਪਣ ਲਗਦੈ ਜਿਵੇਂ ਰੂੜੀ 'ਚੋਂ ਕੱਢਿਆ ਹੋਵੇ। ਪਰ ਤੁਸੀ ਤਾਂ ਇੰਨੇ ਤਾਜ਼ੇ ਤੇ ਸਵੱਛ ਜਾਪਦੇ ਓ ਜਿਵੇਂ ਸਾਖਸ਼ਾਤ ਕੋਈ ਦੇਵਤਾ ਆਕਾਸ਼ ਤੋਂ ਉਤਰ ਆਇਆ ਹੋਵੇ... ਵਾਹ!"

ਹਾਜ਼ਰ ਪਤਵੰਤਿਆਂ ਨੇ ਤਾੜੀਆਂ ਚੁੱਕ ਦਿਤੀਆਂ। ਮੰਤਰੀ ਸਾਹਿਬ ਆਮ ਆਦਮੀ ਵਾਂਗ ਜਜ਼ਬਾਤੀ ਨਹੀਂ ਹੋਏ। ਗੰਭੀਰ ਮੁਸਕਾਨ ਖਿੜਾਉਂਦਿਆਂ ਆਖਣ ਲੱਗੇ: "ਤੁਸੀਂ ਬਾਰ੍ਹਾਂ ਘੰਟੇ ਦੇ ਇਸ ਹਵਾਈ ਸਫਰ ਨੂੰ ਏਨਾ ਔਖਾ ਕਿਉਂ ਸਮਝਦੇ ਹੋ? ਅਸੀਂ ਤਾਂ ਆਜ਼ਾਦੀ ਸੰਗਰਾਮ ਦੌਰਾਨ ਅਜਿਹੇ ਸੈੱਲਾਂ ਵਿਚ ਵੀ ਅਡੋਲ ਰਹੇ ਹਾਂ, ਜਿਥੇ ਸੂਰਜ ਦੇਵਤਾ ਵੀ ਡਰਦਾ ਨਹੀਂ ਸੀ ਵੜਦਾ।"

ਸਾਰਿਆਂ ਨੇ ਪ੍ਰਸ਼ੰਸਾ ਵਿਚ ਸਿਰ ਹਿਲਾਏ ਅਤੇ ਉਨ੍ਹਾਂ ਦੇ ਹਿਲਦੇ ਸਿਰਾਂ ਤੇ ਚੁੱਪ ਜ਼ਬਾਨਾਂ ਦੀ ਬੋਲੀ ਨੂੰ ਮੁੱਖ ਪ੍ਰਤੀਨਿਧੀ ਨੇ ਇਨ੍ਹਾਂ ਸ਼ਬਦਾਂ ਰਾਹੀਂ ਬਿਆਨ ਕੀਤਾ, "ਸੱਚ ਏ ਜਨਾਬ! ਧੰਨ ਹੋ, ਧੰਨ ਹੋ!"

ਇਸ ਮਿੰਨੀ-ਸੁਆਗਤ ਪਿਛੋਂ ਵੱਡੇ ਆਦਮੀਆਂ ਦੇ ਸੁਆਗਤ ਲਈ ਜਿਹੜੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ, ਮੰਤਰੀ ਸਾਹਿਬ ਲਈ ਵੀ ਕੀਤੀਆਂ ਗਈਆਂ - ਤਸਵੀਰਾਂ ਲਈਆਂ ਗਈਆਂ ਅਤੇ ਵੀਡੀਓ ਬਣਾਈਆਂ ਗਈਆਂ। ਹਾਜ਼ਰ ਸੱਜਣਾਂ ਨੇ ਮੰਤਰੀ ਸਾਹਿਬ ਦੀ ਫੋਟੋਕਸ਼ੀ 'ਚ ਆਪਣੀ ਹਾਜ਼ਰੀ ਲਵਾਉਣ ਲਈ ਤਰ੍ਹਾਂ ਤਰ੍ਹਾਂ ਦੇ ਚੋਜ ਕੀਤੇ, ਜਫਰ ਜਾਲੇ।

ਫਿਰ ਸਾਰਾ ਜਲੂਸ ਕਾਰਾਂ ਵਿਚ ਸਵਾਰ ਹੋਣ ਲਈ ਸੜਕ 'ਤੇ ਆ ਗਿਆ।

ਮਹੀਨਾ ਤਾਂ ਮਈ ਦਾ ਸੀ, ਪਰ ਦਿਨ ਇੰਜ ਸੀ ਜਿਵੇਂ ਸੁਆਗਤ ਦੀ ਥਾਂ ਮਾਤਮ ਕਰ ਰਿਹਾ ਹੋਵੇ। ਚਿੜੀਆਂ ਵਰਗੇ ਕੁਝ ਪੰਛੀ ਵੀ ਆਪਣੀ

ਬੋਲੀ ਬੋਲ ਰਹੇ ਸਨ। ਕਿਉਂਕਿ ਅਸੀਂ ਪੰਛੀ ਨਹੀਂ ਹਾਂ, ਇਸ ਲਈ ਇਹ ਤਾਂ ਪਤਾ ਨਹੀਂ ਕਿ ਕੀ ਬੋਲ ਰਹੇ ਸਨ, ਪਰ ਬੋਲਾਂ ਦੇ ਸੰਗੀਤ ਦਾ ਪ੍ਰਭਾਵ ਬੜਾ ਸੋਗਮਈ ਸੀ, ਜਿਵੇਂ ਕਿਸੇ ਦਾ ਮਰਸੀਆ ਪੜ੍ਹ ਰਹੇ ਹੋਣ।

"ਜਨਾਬ! ਇਸ ਮੁਲਕ 'ਚ ਇਕੋ ਹੀ ਚੀਜ਼ ਨਹੀਂ ਮਿਲਦੀ- ਮੌਸਮ! ਬੱਸ ਉਦਾਸ ਤੇ ਸੋਗੀ ਜਿਹਾ ਦਿਨ ਰਹਿੰਦਾ ਹੈ। ਮਨ ਦਾ ਕੌਲ ਨੀ ਖਿੜ੍ਹਦਾ!" ਉਪ ਮੁਖ ਪ੍ਰਤੀਨਿਧ ਨੇ ਆਖਿਆ।

ਮੰਤਰੀ ਸਾਹਿਬ ਦੇ ਬੁੱਲ੍ਹਾਂ 'ਤੇ ਉਸੇ ਗੰਭੀਰ ਮੁਸਕਾਨ ਨੇ ਮੁੜ ਅੰਗੜਾਈ ਲਈ, ਫੁਰਮਾਇਆ: "ਕੋਈ ਬਾਤ ਨਹੀਂ। ਮਨੁੱਖ ਦੀ ਮਹਾਨਤਾ ਇਸੇ ਗੱਲ ਵਿਚ ਏ ਕਿ ਅੱਗ ਵਿਚੋਂ ਵੀ ਫੁੱਲ ਖਿੜਾਏ।"

ਸਾਰਿਆਂ ਨੇ, "ਮਰਹਬਾ! ਵਾਹ! ਕਮਾਲ!" ਆਖਿਆ।

ਮੰਤਰੀ ਸਾਹਿਬ ਦਾ ਇਹ ਤੂਫਾਨੀ ਦੌਰਾ ਸੀ। ਸ਼ੁਕਰਵਾਰ ਨੂੰ ਉਹ ਆਏ ਅਤੇ ਐਤਵਾਰ ਨੂੰ ਉਨ੍ਹਾਂ ਕੈਨੇਡਾ, ਅਮਰੀਕਾ ਚਲੇ ਜਾਣਾ ਸੀ। ਇਨ੍ਹਾਂ ਢਾਈ ਦਿਨਾਂ 'ਚ ਉਨ੍ਹਾਂ ਨੇ ਢੇਰ ਸਾਰੇ ਕੰਮ ਕਰਨੇ ਸਨ, ਜਿਨ੍ਹਾਂ ਵਿਚ ਉਹ ਆਉਂਦਿਆਂ ਹੀ ਅਤਿ ਸਰਗਰਮੀ ਨਾਲ ਜੁਟ ਗਏ।

ਪਹਿਲਾ ਕੰਮ ਨਿਰੋਲ ਨਿਜੀ ਸੀ ਅਤੇ ਉਨ੍ਹਾਂ ਨੇ ਆਪਣਾ ਦੌਰਾ ਇਸੇ ਤੋਂ ਹੀ ਸ਼ੁਰੂ ਕੀਤਾ। ਕਿਉਂਕਿ ਇਹ ਕੰਮ ਉਨ੍ਹਾਂ ਦਾ ਨਿਰੋਲ ਨਿਜੀ ਸੀ, ਇਸ ਲਈ ਨਾ ਤਾਂ ਅਸੀਂ ਕਿਸੇ ਦੇ ਨਿਜੀ ਮਸਲੇ ਵਿਚ ਦਖਲ ਦੇਣਾ ਇਖਲਾਕੀ ਤੌਰ 'ਤੇ ਠੀਕ ਸਮਝਦੇ ਹਾਂ ਅਤੇ ਨਾ ਹੀ ਸਾਨੂੰ ਇਨ੍ਹਾਂ ਕੰਮਾਂ ਵਿਚ ਤਕਨੀਕਾਂ ਦਾ ਪਤਾ ਹੈ। ਬੱਸ ਇੰਨਾ ਕੁ ਜਾਣਦੇ ਹਾਂ ਕਿ ਦੇਸ਼ ਵਿਦੇਸ਼ ਵਿਚ ਮੰਤਰੀ ਸਾਹਿਬ ਦਾ ਇਕ ਰੋਟੀ-ਬੋਟੀ ਦੀ ਸਾਂਝ ਵਾਲਾ ਦੇਸੀ ਯਾਰ-ਬਾਸ਼ ਰਹਿੰਦਾ ਸੀ। ਉਹ ਜਣਾ ਉਨ੍ਹਾਂ ਦਾ ਕੋਈ ਰਿਸ਼ਤੇਦਾਰ ਨਹੀਂ ਸੀ- ਦੋਸਤ ਸੀ। ਜਿਵੇਂ ਜਿਵੇਂ ਲੋਕ ਅਕਲ ਵਿਚ ਸਿਆਣੇ ਅਤੇ

ਉਮਰ ਵਿਚ ਵੱਡੇ ਹੁੰਦੇ ਜਾਂਦੇ ਹਨ, ਤਿਵੇਂ ਤਿਵੇਂ ਉਹ ਰਿਸ਼ਤੇਦਾਰਾਂ ਤੋਂ ਕਿਨਾਰਾਕਸ਼ੀ ਕਰਦੇ ਜਾਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਰਿਸ਼ਤੇਦਾਰ ਅਹਿਸਾਨਮੰਦ ਨਹੀਂ ਹੁੰਦਾ। ਇਸੇ ਲਈ ਵਫ਼ਾਦਾਰ ਨਹੀਂ ਹੁੰਦਾ। ਪਰ ਦੋਸਤ ਬਹੁਤ ਵੱਡੀ ਸ਼ੈਅ ਹੁੰਦਾ ਹੈ। ਮੰਤਰੀ ਸਾਹਿਬ ਅਤੇ ਉਨ੍ਹਾਂ ਦਾ ਇਹ ਦੋਸਤ ਇਕ ਦੂਜੇ 'ਚ 'ਦੋ ਜਿਸਮ ਇਕ ਜਾਨ' ਵਾਂਗ ਅਭੇਦ ਹੋ ਚੁਕੇ ਸਨ। ਜੇ ਚਾਹੁਣ ਤਾਂ ਵੀ ਇਕ ਦੂਜੇ ਨੂੰ ਛੱਡਣ ਦਾ ਕਲੇਸ਼ ਨਾ ਸਹੇੜ ਸਕਣ।

ਮੰਤਰੀ ਸਾਹਿਬ ਨੇ ਆਪਣੇ ਦੋਸਤ ਦਾ ਉਧਰ ਦੇਸ਼ ਵਿਚ ਬੜਾ ਫਾਇਦਾ ਕੀਤਾ ਸੀ। ਇਸ ਲਈ ਹੁਣ ਇਹ ਦੋਸਤ ਉਨ੍ਹਾਂ ਦੇ ਅਹਿਸਾਨਾਂ ਦਾ ਕਿਸ਼ਤਾਂ ਰਾਹੀਂ ਬਦਲਾ ਚੁਕਾਉਣਾ ਚਾਹੁੰਦਾ ਸੀ। ਮੰਤਰੀ ਸਾਹਿਬ ਕੋਲ ਦੇਸ਼ ਵਿਚ ਪਤਾ ਨਹੀਂ ਕਿਵੇਂ ਇਕ ਕਰੋੜ ਰੁਪਿਆ ਇਕੱਠਾ ਹੋ ਗਿਆ ਸੀ, ਜਿਸ ਬਾਰੇ ਮੰਤਰੀ ਸਾਹਿਬ ਨਾ ਕੋਈ ਹੈਰਾਨ ਸਨ ਅਤੇ ਨਾ ਹੀ ਫ਼ਿਕਰਮੰਦ। ਬੱਸ ਜ਼ਰਾ ਦੂਰ ਦੀ ਸੋਚਦੇ ਸਨ। ਉਨ੍ਹਾਂ ਦੇ ਦੋਸਤ ਦੇ ਇਸ ਵਿਦੇਸ਼ ਵਿਚ ਅੱਧੀ ਦਰਜਨ ਦੇ ਕਰੀਬ ਰੈਸਟੋਰੈਂਟ ਅਤੇ ਹੋਟਲ ਸਨ। ਉਸ ਨੇ ਆਖਿਆ ਸੀ: "ਖਾਤਰ ਜਮ੍ਹਾਂ ਰਖੋ। ਸੇਵਕ ਸਾਰਾ ਇੰਤਜ਼ਾਮ ਕਰ ਦੇਵੇਗਾ।" ਉਹਨੇ ਇਕ ਕਰੋੜ ਦਾ ਛੇ ਲੱਖ ਪੌਂਡ ਕਿਸੇ ਨਾ ਕਿਸੇ ਵਿਧੀ ਨਾਲ ਇਸ ਮੁਲਕ ਵਿਚ ਲੈ ਲਿਆ ਸੀ ਅਤੇ ਮੰਤਰੀ ਸਾਹਿਬ ਨੂੰ ਸਵਿਟਰਜ਼ਰਲੈਂਡ ਵਿਚ ਘੁਮਾਉਣ ਫਿਰਾਉਣ ਦੀ ਇੱਛਾ ਪੂਰਾ ਕੀਤੀ ਸੀ। ਇਸ ਲਈ ਉਹ ਫੌਰਨ ਅਤੇ ਚੁੱਪਚਾਪ ਜਨੀਵਾ ਨੂੰ ਉਡ ਗਏ। ਪੈਸੇ ਜਮ੍ਹਾਂ ਕਰਵਾ ਮੰਤਰੀ ਸਾਹਿਬ ਜ਼ਰਾ ਠਠੰਬਰ ਗਏ। ਕੁਝ ਛਿਣ ਬੁੱਤ ਬਣੇ ਖਲੋਤੇ ਰਹੇ। ਉਨ੍ਹਾਂ ਦੇ ਧੁਰ-ਅੰਦਰ ਇਕ ਡਰ, ਇਕ ਬੇਪ੍ਰਤੀਤੀ ਦੀ ਲਹਿਰ ਗੁਜ਼ਰ ਗਈ। ਦੋਸਤ ਰੋਟੀ-ਬੋਟੀ ਦਾ ਸਾਂਝੀ ਸੀ, ਤਾੜ ਗਿਆ

"ਖੁਸ਼ ਕਿਉਂ ਨਹੀਂ ਹੋ?" ਦੋਸਤ ਬੋਲਿਆ।
"ਸਰਮਾਇਆ ਖੁਰ ਤਾਂ ਨਹੀਂ ਜਾਵੇਗਾ? ਭੇਤ ਨਸ਼ਰ ਤਾਂ ਨਹੀਂ ਹੋ ਜਾਵੇਗਾ?" ਮੰਤਰੀ ਸਾਹਿਬ ਦੇ ਬੋਲਾਂ 'ਚ ਘਬਰਾਹਟ ਸੀ।
"ਕੀ ਗੱਲਾਂ ਕਰਦੇ ਹੋ? ਸਵਿਟਰਜ਼ਰਲੈਂਡ ਤਾਂ ਗੁਪਤ ਮਾਇਆ ਦੀ ਲਕਸ਼ਮੀ ਹੈ। ਇਸ ਦੇਵੀ ਨੂੰ ਨਾਂਵਾਂ ਨਾਲ ਨਹੀਂ, ਨੰਬਰਾਂ ਨਾਲ ਦਿਲਚਸਪੀ ਹੈ। ਇਸ ਲਕਸ਼ਮੀ ਨੂੰ ਹਜ਼ਮ ਕਰ ਕੇ ਡਕਾਰ ਮਾਰਨ ਦੀ ਵੀ ਵਾਦੀ ਨਹੀਂ ਹੈ।"
ਮੰਤਰੀ ਸਾਹਿਬ ਇੰਨਾ ਖਿੜੇ ਕਿ ਆਪਣੇ ਯਾਰ-ਬਾਸ਼ ਨੂੰ ਗਲਵਕੜੀ ਵਿਚ ਪੀਚ ਲਿਆ। ਉਂਜ ਦਿਨ ਵੀ ਬਹੁਤ ਖਿੜਿਆ ਹੋਇਆ ਸੀ। ਝੀਲ - ਜਨੀਵਾ ਲੇਕ 'ਚ ਬੋਟਿੰਗ ਕੀਤੀ। ਬੋਟਿੰਗ ਕਰਦਿਆਂ ਬੀਅਰ ਪੀਣ ਦਾ ਖੂਬ ਅਨੰਦ ਮਾਣਿਆ। ਸੂਰਜ ਝੀਲ ਦੇ ਪਾਣੀਆਂ 'ਚ ਇੰਜ ਤਿਲਕ ਤਿਲਕ ਜਾਂਦਾ ਸੀ ਜਿਵੇਂ ਨਹਾਉਂਦਾ ਨਾ ਥੱਕਦਾ ਹੋਵੇ। ਕਿਸ਼ਤੀਆਂ ਇੰਜ ਮਟਰਗਾਸ਼ਤੀ ਕਰ ਰਹੀਆਂ ਸਨ ਜਿਵੇਂ ਸੂਰਜ ਆਪ ਚੱਪੂ ਮਾਰਨ ਲੱਗ ਪਿਆ ਹੋਵੇ।
ਮੰਤਰੀ ਸਾਹਿਬ ਲਈ ਇਹ ਸਭ ਕੁਝ ਬੜਾ ਸੁਹਾਵਣਾ ਸੀ। ਲਕਸ਼ਮੀ ਅਤੇ ਪ੍ਰਕਿਰਤੀ ਦੇ ਸੁਮੇਲ ਨੇ ਉਨ੍ਹਾਂ 'ਤੇ ਇਕ ਵਜਦ ਦਾ ਆਲਮ ਤਾਰੀ ਕਰ ਦਿੱਤਾ ਸੀ। ਇਸੇ ਵਜਦ ਦੇ ਵੇਗ ਵਿਚ ਉਨ੍ਹਾਂ ਨੇ ਵਿਸਕੀ ਦਾ ਪੈੱਗ ਲਾਉਂਦਿਆਂ ਹਵਾਈ ਜਹਾਜ ਵਿਚ ਨਿਰਸੰਕੋਚ ਗੱਲਾਂ ਕੀਤੀਆਂ...
"ਸਕੂਲ ਪੜ੍ਹਦਿਆਂ ਹੀ ਮੈਂ ਦੇਸ਼ ਪਿਤਾ ਦੇ ਪ੍ਰਭਾਵ ਹੇਠ ਆ ਗਿਆ ਸਾਂ। ਉਸ ਤੋਂ ਬਾਅਦ ਲੋਕ ਸੇਵਾ ਤੇ ਜੇਲ੍ਹ ਯਾਤਰਾਵਾਂ ਦਾ ਹੀ ਦੌਰ ਚਲਦਾ ਰਿਹਾ। ਪੜ੍ਹਾਈ ਅਧੂਰੀ ਛੱਡੀ, ਘਰਦਿਆਂ ਵੱਲੋਂ ਨਖੱਟੂ ਅਤੇ ਨਿਕੰਮਾ ਬਣਿਆ, ਘਰਵਾਲੀ ਲਈ ਕਦੀ ਇਕ ਘੰਟਾ ਵੀ ਨਾ ਕੱਢਿਆ, ਇਕ

ਪੈਸੇ ਦੀ ਬੇਈਮਾਨੀ ਨਹੀਂ ਕੀਤੀ। ਪਰ ਖੱਟਿਆ ਕੀ? ਆਹ ਵਜ਼ੀਰੀ! ਜਿਹੜੀ ਕਦੀ ਵੀ ਖੁੱਸ ਸਕਦੀ ਹੈ ਤੇ ਜਦੋਂ ਵੀ ਇਹ ਖੁਸਦੀ ਹੈ ਨਾ, ਦੋਸਤ! ਤਾਂ ਬੰਦਾ ਐਕਸ ਮਨਿਸਟਰ ਵੀ ਨਹੀਂ ਰਹਿੰਦਾ, ਉਹ ਹਮੇਸ਼ਾ ਹਮੇਸ਼ਾ ਲਈ ਪਤਾਲ ਵਿਚ ਉਤਰ ਜਾਂਦਾ ਹੈ... ਪਰ ਹੁਣ ਜੋਸ਼ ਨਹੀਂ, ਹੋਸ਼ ਤੋਂ ਕੰਮ ਲਿਆ ਏ- ਮੁਲਕ 'ਚ ਅੰਤਾਂ ਦੀ ਬੇਪ੍ਰਤੀਤੀ - ਪਤਾ ਨੀ ਉਪਰਲਿਆਂ ਤੋਂ ਮੁਲਕ ਸੰਭਾਲਿਆ ਵੀ ਜਾਵੇ ਕਿ ਨਾ। ਇਸੇ ਲਈ ਯਾਰ, ਆਪਣਾ ਭਵਿੱਖ ਸੁਰੱਖਿਅਤ ਕਰਨ ਲਈ ਇਹ ਅੱਕ ਚੱਬਿਆ ਹੈ।"

ਉਨ੍ਹਾਂ ਦੇ ਦੋਸਤ ਨੇ ਟੋਕਿਆ, "ਤੁਹਾਡੇ ਮਨ 'ਤੇ ਇਸ ਦਾ ਕੋਈ ਭਾਰ ਨਹੀਂ ਹੋਣਾ ਚਾਹੀਦਾ। ਹਰ ਦੂਰ-ਅੰਦੇਸ਼ ਸਵਿਟਰਜ਼ਰਲੈਂਡ ਦੀ ਲਕਸ਼ਮੀ ਦੇਵੀ ਦਾ ਪੁਜਾਰੀ ਹੈ। ਹਾਕਮਾਂ ਨੇ ਕਰੋੜਾਂ ਪੌਂਡ ਇਥੇ ਰੱਖੇ ਹੋਏ ਨੇ - ਇਥੋਪੀਆ ਦੇ ਸ਼ਾਹ ਦਾ ਅਠਾਈ ਟਨ ਸੋਨਾ ਇਥੇ ਪਿਆ ਹੈ। ਤੁਹਾਡੀ ਰਕਮ ਕੀ ਚੀਜ਼ ਏ? ਕੁਝ ਵੀ ਨਹੀਂ, ਚਿੜੀ ਚੋਂਚ ਭਰ ਲੈ ਗਈ, ਨਦੀ ਨਾ ਘਟਿਓ ਨੀਰ! ... ਸਗੋਂ ਮੇਰੀ ਮੰਨੋ ਤਾਂ ਦੋ ਸਾਲ ਦੀ ਵਜ਼ੀਰੀ 'ਚ ਇੰਨੀ ਕੁ ਛਾਲ ਹੋਰ ਮਾਰੋ, ਪੀੜ੍ਹੀਆਂ ਤਰ ਜਾਣਗੀਆਂ।"

"ਇਹ ਕੋਈ ਵੱਡੀ ਛਾਲ ਨਹੀਂ। ਉਸਾਰੀ ਦਾ ਕੰਮ ਵੱਡੇ ਪੈਮਾਨੇ 'ਤੇ ਸ਼ੁਰੂ ਹੋਣ ਵਾਲਾ ਹੈ", ਮੰਤਰੀ ਸਾਹਿਬ ਬੋਲਦੇ ਗਏ, "ਤੂੰ ਵੀ ਕੋਈ ਚਿੰਤਾ ਨਹੀਂ ਕਰਨੀ। ਦੇਸ਼ ਵਿਚ ਤੇਰੇ ਹਿਤ ਹਮੇਸ਼ਾ ਸੁਰੱਖਿਅਤ ਰਹਿਣਗੇ। ਜੇ ਵਜ਼ੀਰੀ ਨਾ ਰਹੀ ਤਾਂ ਨੌਕਰਸ਼ਾਹੀ ਤਾਂ ਰਹੇਗੀ ਨਾ!"

ਇਸ ਤੋਂ ਪਿੱਛੋਂ ਦੋਹਾਂ ਨੇ ਹੱਥ ਘੁਟੇ ਅਤੇ ਗਲਵਕੜੀਆਂ ਪਾਈਆਂ।

ਲੰਡਨ ਪੁੱਜ ਮੰਤਰੀ ਸਾਹਿਬ ਨੇ ਕਾਫੀ ਥਕੇਵਾਂ ਮਹਿਸੂਸ ਕੀਤਾ। ਮਨ ਤਾਂ ਸਰੂਰ ਵਿਚ ਸੀ ਪਰ ਸਰੀਰ ਨੂੰ ਆਰਾਮ ਦੀ ਲੋੜ ਸੀ। ਉਨ੍ਹਾਂ ਦੇ

ਮਿੱਤਰ ਨੇ ਆਖਿਆ, "ਮੰਤਰੀ ਸਾਹਿਬ! ਤੁਸੀਂ ਹੁਣ ਘੱਟੋ-ਘੱਟ ਦੋ ਘੰਟੇ ਸੌਂ ਲਵੋ। ਸ਼ਾਮ ਨੂੰ ਪਾਰਟੀ ਏ, ਬਹੁਤ ਦੇਰ ਨਾਲ ਵਿਹਲੇ ਹੋਵਾਂਗੇ।"

ਸ਼ਾਮ ਦਾ ਜਸ਼ਨ ਯਾਦਗਾਰੀ ਸੀ। ਦੇਸੀ ਬੰਦਿਆਂ ਦੀ ਆਬਾਦੀ ਤੋਂ ਦੂਰ ਉਨ੍ਹਾਂ ਦੇ ਆਪਣੇ ਯਾਰ-ਬਾਸ਼ ਦਾ ਪੌਸ਼ ਹੋਟਲ ਸੀ। ਮੰਤਰੀ ਸਾਹਿਬ ਦੇ ਮੇਜ਼ 'ਤੇ ਚੋਣਵੇਂ ਫੁੱਲਾਂ ਦੇ ਗੁਲਦਸਤੇ ਸਜੇ ਹੋਏ ਸਨ - ਖੂਬਸੂਰਤ ਸੀਟਾਂ, ਖੂਬਸੂਰਤ ਬਾਰ, ਖੂਬਸੂਰਤ ਡਾਂਸਿੰਗ ਹਾਲ!

ਬਹੁਤ ਖਾਸ ਮਹਿਮਾਨ ਬੁਲਾਏ ਗਏ ਸਨ। ਸ਼ੈਂਪੇਨਾਂ ਖੁਲ੍ਹ ਤੇ ਡੁਲ੍ਹ ਰਹੀਆਂ ਸਨ। ਸ਼ਿਵਾਜ਼ ਰੀਗਲਾਂ ਦੇ ਦੌਰ ਚਲੇ, ਤੇ ਕੁਝ ਪੈੱਗਾਂ ਤੋਂ ਬਾਅਦ ਮੰਤਰੀ ਸਾਹਿਬ ਨੇ ਲਤੀਫਿਆਂ ਦਾ ਤਾਂਤਾ ਬੰਨ੍ਹ ਦਿਤਾ। ਮੰਤਰੀ ਸਾਹਿਬ ਦੀ ਸੰਗਤ ਦਾ ਨਿੱਘ ਪ੍ਰਾਪਤ ਕਰਨ ਲਈ ਹਰ ਕੋਈ ਉਨ੍ਹਾਂ ਦੇ ਨੇੜੇ ਢੁੱਕਣ ਦੀ ਸਿਰਤੋੜ ਕੋਸ਼ਿਸ਼ ਕਰ ਰਿਹਾ ਸੀ। ਦਾਰੂ ਦੇ ਸਰੂਰ ਅਤੇ ਲਤੀਫਿਆਂ ਦੇ ਸੁਆਦ ਵਿਚ ਸੁਆਦ ਸੁਆਦ ਹੋਇਆ ਹਰ ਕੋਈ ਆਖ ਰਿਹਾ ਸੀ, ਅਸੀਂ ਲਤੀਫੇ ਤਾਂ ਖੈਰ ਬਥੇਰੇ ਸੁਣੇ ਨੇ ਪਰ ਮੰਤਰੀ ਸਾਹਿਬ ਵਰਗੇ ਨਵੀਨ ਅਤੇ ਚੋਂਦੇ ਚੋਂਦੇ ਕਦੇ ਨਹੀਂ। ਜਾਪਦਾ ਹੈ ਜਿਵੇਂ ਲਤੀਫਾ-ਸਮਰਾਟ ਬੀਰਬਲ ਸਾਖਸ਼ਾਤ ਉਤਰ ਆਏ ਹੋਣ।

ਮੰਤਰੀ ਸਾਹਿਬ ਬੜੇ ਖੁਸ਼ ਹੋਏ। ਉਨ੍ਹਾਂ ਦੀਆਂ ਅੱਖਾਂ ਲਾਲ ਸਨ। ਬੋਲੇ, "ਭਾਈ ਸਾਹਿਬ! ਸਫਲ ਰਾਜਨੇਤਾ ਉਹੀ ਹੈ ਜਿਹੜਾ ਭਾਸ਼ਣ ਦੇ ਕੇ ਸਰੋਤਿਆਂ ਦੇ ਪੈਰ ਧਰਤੀ ਤੋਂ ਚੁੱਕਾ ਦੇਵੇ। ਅਜਿਹੇ ਭਾਸ਼ਣ ਲਈ ਲਤੀਫਿਆਂ ਦੀ ਚਾਸ਼ਣੀ ਬਹੁਤ ਜ਼ਰੂਰੀ ਹੁੰਦੀ ਏ... ਸਮਝੇ?"

ਜਸ਼ਨ ਚਲਦਾ ਰਿਹਾ। ਦਾਰੂ ਨੇ ਰੰਗ ਵਿਖਾਇਆ ਤਾਂ ਪੰਜਾਬੀ ਦੇ 'ਚੱਕ ਲੈ-ਚੱਕ ਲੈ' ਤਵੇ ਲੱਗ ਗਏ, 'ਨੈਣ ਪ੍ਰੀਤੋ ਦੇ ਬਹਿ ਜਾ ਬਹਿ ਜਾ ਕਰਦੇ' ਭੰਗੜੇ ਪੈਣ ਲੱਗੇ। ਕਿਸੇ ਚੀਜ਼ ਦੀ ਰੋਕ ਟੋਕ ਨਹੀਂ ਸੀ। ਸਿਰਫ ਇਕੋ

ਚੀਜ਼ ਦੀ ਮਨਾਹੀ ਸੀ ਕਿ ਇਸ ਜਸ਼ਨ ਦੀ ਕੋਈ ਤਸਵੀਰ, ਕੋਈ ਵੀਡੀਓ ਨਹੀਂ ਖਿੱਚੀ ਜਾਵੇਗੀ। ਨਾ ਕੋਈ ਅਜਿਹਾ ਜਣਾ ਸੱਦਿਆ ਜਾਵੇਗਾ ਜਿਸ ਦੀ ਨਮਕ-ਹਲਾਲੀ 'ਤੇ ਕੋਈ ਸ਼ੱਕ ਹੋਵੇ। ਇਸ ਪਾਬੰਦੀ 'ਤੇ ਠੀਕਰੀ ਪਹਿਰਾ ਦਿੱਤਾ ਗਿਆ।

ਜਸ਼ਨ ਸਿਖਰ ਤੋਂ ਹੇਠਾਂ ਵਲ ਉਤਰਨ ਲੱਗਾ। ਮਹਾਂ-ਅਨੰਦ ਤੋਂ ਬਾਅਦ ਸਿਥਲਤਾ ਹੋਣ ਲੱਗੀ। ਕੁਝ ਉਬਾਸੀਆਂ ਰੀਂਗੀਆਂ, ਫਿਰ ਖੜਕੀਆਂ। ਇਕ ਵੱਜਣ ਲੱਗਿਆ ਸੀ। ਇੱਛਾ ਹੋਈ, ਖਾਣਾ ਖਾਧਾ ਜਾਵੇ।

ਲੰਮੇ ਮੇਜ਼ 'ਤੇ ਖਾਣਾ ਲੱਗ ਪਿਆ। ਭਾਫਾਂ ਉੱਠਣ ਲੱਗੀਆਂ। ਸਾਰਿਆਂ ਨੇ ਆਪਣੀ ਸੇਵਾ ਆਪ ਕਰਨੀ ਸੀ ਪਰ ਮੰਤਰੀ ਸਾਹਿਬ ਦੀ ਸੇਵਾ ਲਈ ਚਮਚੇ-ਕੜਛੀਆਂ ਉੱਲਰ ਪਈਆਂ। ਸ਼੍ਰੀਗਣੇਸ਼ ਹੋਇਆ, ਭੁੰਨਿਆ ਮੁਰਗਾ, ਪਾਲਕ ਮੁਰਗ, ਮਸ਼ਰੂਮ ਮੁਰਗ, ਮੱਖਣ ਮੁਰਗ, ਕੋਰਮਾ ਮੁਰਗ ... ਇੱਛਾ ਅਨੁਸਾਰ ਪਲੇਟ 'ਚ ਪੈਂਦਾ ਗਿਆ ਪਰ ਚਿਕਨ ਬਿਰਿਆਨੀ ਦੀ ਭਰੀ ਭਰਾਈ ਕੜਛੀ ਉਨ੍ਹਾਂ ਨਾਂਹ ਕਰਦਿਆਂ ਵਾਪਸ ਮੋੜ ਦਿਤੀ।

"ਕੀ ਗੱਲ, ਹੱਥ ਕਿਉਂ ਰੋਕ ਦਿਤਾ, ਜਨਾਬ?... ਰੰਗ ਪਸੰਦ ਨਹੀਂ, ਖੁਸ਼ਬੂ ਪਸੰਦ ਨਹੀਂ... ਜਾਂ ਸਾਥੋਂ ਹੀ ਨਾਚੀਜ਼ਾਂ ਤੋਂ ਕੋਈ ਗੁਸਤਾਖੀ ਹੋ ਗਈ।"

"ਨਹੀਂ, ਨਹੀਂ, ਐਸੀ ਕੋਈ ਬਾਤ ਨਹੀਂ, "ਮੰਤਰੀ ਸਾਹਿਬਾਨ ਨੇ ਮੇਜ਼ਬਾਨ ਦਾ ਤੌਖਲਾ ਘਟਾਉਣ ਲਈ ਰਾਸ਼ਟਰੀ ਭਾਸ਼ਾ ਵਰਤੀ। "ਗੱਲ ਦਰਅਸਲ ਬੜੀ ਨਿਜੀ ਜਿਹੀ ਏ... ਖੈਰ, ਨਿਜੀ ਵੀ ਕਾਹਦੀ ਏ। ਲੋਕਾਂ ਦੇ ਪ੍ਰਤੀਨਿਧਾਂ ਦਾ ਨਿਜੀ ਤਾਂ ਕੁਝ ਹੁੰਦਾ ਹੀ ਨਹੀਂ। ਗੱਲ ਸਭ ਦੇ ਸੁਣਨ ਵਾਲੀ ਏ...।"

ਪਲੇਟਾਂ-ਚਮਚੇ ਇਕਦਮ ਸ਼ਾਂਤ ਹੋ ਗਏ।
"ਜਦੋਂ ਸ਼ਾਸਤਰੀ ਜੀ ਦੇਸ਼ ਦੇ ਨੇਤਾ ਬਣੇ ਤਾਂ ਅੰਨ ਸੰਕਟ ਕਾਫੀ ਡੂੰਘਾ ਹੋ ਗਿਆ। ਉਨ੍ਹਾਂ ਨੇ ਅਪੀਲ ਕੀਤੀ ਕਿ ਜੇ ਲੋਕ ਮਹੀਨੇ 'ਚ ਇਕ ਵਾਰ ਚੌਲ ਨਾ ਖਾਣ ਦੀ ਪ੍ਰਤਿਗਿਆ ਕਰ ਲੈਣ ਤਾਂ ਅੰਨ ਸੰਕਟ ਆਪਣੇ ਆਪ ਖਤਮ ਹੋ ਜਾਵੇਗਾ। ਮੈਂ ਆਖਿਆ ਕਿ ਪੰਜਾਬੀਆਂ ਨੇ ਤਾਂ ਹਰ ਸੰਕਟ ਸਮੇਂ ਆਪਣਾ ਸੀਨਾ ਅੱਗੇ ਡਾਹਿਆ ਹੈ। ਤੁਸੀਂ ਮਹੀਨੇ 'ਚ ਇਕ ਵਾਰ ਦੀ ਗੱਲ ਕਰਦੇ ਹੋ, ਮੈਂ ਸਾਰੀ ਜ਼ਿੰਦਗੀ ਚੌਲ ਨਾ ਖਾਣ ਦਾ ਪ੍ਰਣ ਲੈਂਦਾ ਹਾਂ... ਬਸ ਦਾਸ ਉਹ ਪ੍ਰਣ ਨਿਭਾ ਰਿਹਾ ਹੈ ਤੇ ਮਰਦੇ ਦਮ ਤੀਕ ਨਿਭਾਵੇਗਾ।"
ਤਾੜੀਆਂ...ਤਾੜੀਆਂ...ਹੋਰ ਤਾੜੀਆਂ!
ਅਤੇ ਮੰਤਰੀ ਸਾਹਿਬ ਨੇ ਨਾਨ ਪਲੇਟ 'ਚ ਰੱਖਿਆ ਤੇ ਸੰਗਤਾਂ ਦੀ ਪੰਗਤ ਵਿਚ ਜਾ ਕੇ ਬਹਿ ਗਏ।

ਤੁਹਾਡੇ ਵਸਤਰ ਤੁਹਾਡੇ ਤਨ ਦਾ ਬਹੁਤ ਸਾਰਾ ਕੁਹਜ ਤਾਂ ਲੁਕਾ ਲੈਂਦੇ ਹਨ ਪਰ ਉਹ ਤੁਹਾਡੀ ਆਤਮਾ ਦਾ ਕੁਹਜ ਨਹੀਂ ਲੁਕਾ ਸਕਦੇ ।

— ਖਲੀਲ ਜ਼ਿਬਰਾਨ

ਗ਼ਜ਼ਲ / ਜਸਵਿੰਦਰ

ਅੱਗ ਹੈ, ਪਾਣੀ ਹੈ, ਇਹ ਆਕਾਸ਼ ਹੈ ਜਾਂ ਪੌਣ ਹੈ।
ਮੇਰੇ ਚੇਤਨ ਤੇ ਅਚੇਤਨ ਦੇ ਵਿਚਾਲੇ ਕੌਣ ਹੈ।

ਮਨ ਦੀਆਂ ਰੁੱਤਾਂ ਦੇ ਇਸ ਕੋਲਾਜ ਨੂੰ ਕੀ ਨਾਂ ਦਿਆਂ,
ਮੇਰੀਆਂ ਅੱਖਾਂ 'ਚ ਅੱਧਾ ਹਾੜ੍ਹ ਅੱਧਾ ਸੌਣ ਹੈ।

ਪੈਲ ਪਾ ਕੇ ਨੱਚਣਾ ਤੈਨੂੰ ਬੜਾ ਮਹਿੰਗਾ ਪਿਆ,
ਨਚਦੀਆਂ ਛੁਰੀਆਂ 'ਚ ਹੁਣ ਮੋਰਾ ਵੇ ਤੇਰੀ ਧੌਣ ਹੈ।

ਤੇਰੇ ਜਤ ਸਤ ਤੋਂ ਜ਼ਿਆਦਾ, ਤੇਰੇ ਤਰਲੇ ਤੋਂ ਵਧੀਕ,
ਪੂਰਨਾ ਇਸ ਕਲਯੁਗੀ ਖੂਹ ਦੀ ਉਚੇਰੀ ਮੌਣ ਹੈ।

ਸਾੜ ਕੇ ਮੇਰਾ ਲਹੂ ਮਹਿਕਾਂ ਫ਼ਿਜ਼ਾ ਵਿਚ ਵੰਡਦੀ,
ਮੇਰੇ ਅੰਦਰ ਧੁਖ਼ ਰਹੀ ਇਹ ਅਗਰਬੱਤੀ ਕੌਣ ਹੈ।

ਬਾਪੂ ਨੇ
ਜ਼ਮੀਨ ਖਰੀਦੀ ਹੈ
ਮੇਰੇ ਲਈ

ਮੈਨੂੰ ਖੁਸ਼ ਹੋਣਾ ਚਾਹੀਦੈ

ਵੇਚਣ ਵਾਲਾ
ਰਜਿਸਟਰ 'ਤੇ
'ਗੂਠਾ ਲਾਉਦਾ ਹੈ

ਮੈਨੂੰ
ਸੀਨੇ 'ਤੇ
ਦਾਬ ਮਹਿਸੂਸ ਹੁੰਦੀ ਹੈ

ਵੇਚਣ ਵਾਲਾ
'ਗੂਠਾ ਪੂੰਝਣ ਲਈ
ਕੰਧ 'ਤੇ ਘਸਾਉਦਾ ਹੈ
ਕੰਧ 'ਤੇ
ਅਨੇਕਾਂ 'ਗੂਠੇ ਘਸੇ ਹੋਏ ਨੇ

ਮੇਰਾ ਗੱਚ ਭਰ ਆਇਆ

ਬਾਪੂ
ਨਾਲ ਆਏ ਬੰਦਿਆਂ ਨੂੰ
ਹੋਟਲ 'ਚ ਲੈ ਵੜਿਆ

ਵੇਚਣ ਵਾਲਾ
ਨੀਵੀਂ ਪਾ
ਬੱਸ ਅੱਡੇ ਵੱਲ ਹੋ ਤੁਰਿਆ

ਮੈਂ ਕਿਧਰ ਜਾਵਾਂ ?

ਖਾਸ ਤੁਹਾਡੇ ਸਭ ਲਈ

ਅਨਿਤਾ ਲਲਿਤ

ਤਾਜ਼ੇ-ਤਾਜ਼ੇ ਮੋਤੀਚੂਰ ਦੇ ਲੱਡੂ ਇੱਕ ਸੁੰਦਰ ਪਲੇਟ ਵਿੱਚ ਸਜਾ ਕੇ ਇੱਕ ਮੇਜ਼ ਤੇ ਰੱਖੇ ਹੋਏ ਸਨ। ਉਹ ਆਪਣੇ ਮੋਬਾਈਲ ਨਾਲ ਵੱਖਰੇ-ਵੱਖਰੇ ਐਂਗਲਾਂ ਤੋਂ ਉਹਨਾਂ ਮੋਤੀਚੂਰ ਦੇ ਲੱਡੂਆਂ ਨਾਲ ਸੱਜੀ ਪਲੇਟ ਦੀਆਂ ਤਸਵੀਰਾਂ ਲੈ ਰਹੀ ਸੀ - ਪਰ ਉਸਦੀ ਪਸੰਦ ਦੀਆਂ ਤਸਵੀਰਾਂ ਨਹੀਂ ਆ ਰਹੀਆਂ ਸਨ । ਉਹ ਬਹੁਤ ਕਾਹਲੀ ਵਿਚ ਸੀ ਅਤੇ ਇਸ ਲਈ ਚਿੜ ਵੀ ਰਹੀ ਸੀ । ਮੇਜ਼ ਦੇ ਦੂਜੇ ਕੋਨੇ ਵਿਚ ਉਸਦਾ ਲੈਪਟਾਪ ਰੱਖਿਆ ਹੋਇਆ ਸੀ, ਜਿਸ ਨੂੰ ਉਹ ਥੋੜੀ-ਥੋੜੀ ਦੇਰ ਮਗਰੋਂ ਦੇਖ ਕੇ ਆ ਰਹੀ ਸੀ, ਅਤੇ ਉਸਦੀ ਬੇਚੈਨੀ ਹੋਰ ਵੀ ਵਧ ਜਾਂਦੀ ਸੀ। ਜਿਵੇਂ ਕਿ ਉਹ ਕਿਸੇ "ਰੇਸ" ਵਿੱਚ ਹਿੱਸਾ ਲੈ ਰਹੀ ਹੋਵੇ । ਏਨੇ 'ਚ ਉਸਦਾ ਬੇਟਾ ਚਿੰਟੂ, ਖੇਡ ਕੇ ਆ ਗਿਆ ਅਤੇ ਏਨੇ ਸੋਹਣੇ ਮੋਤੀਚੂਰ ਦੇ ਲੱਡੂ ਵੇਖ ਕੇ ਉਸ ਕੋਲੋਂ ਰਿਹਾ ਨਾ ਗਿਆ । "ਆਹਾ! ਮੋਤੀਚੂਰ ਦੇ ਲੱਡੂ! ਮੰਮਾ! ਬਹੁਤ ਜ਼ੋਰਾਂ ਦੀ ਭੁੱਖ ਲੱਗੀ ਹੈ ।" ਕਹਿ ਕੇ ਪਲੇਟ 'ਤੇ ਝਪਟ ਪਿਆ। "ਚਟਾਕ" ਦੀ ਅਵਾਜ਼ ਨਾਲ ਇੱਕ ਹੋਰ ਅਵਾਜ਼ ਗੂੰਜੀ ... "ਦੋ ਮਿੰਟ ਦਾ ਸਬਰ ਨਹੀਂ ਹੈ! ਕੋਈ ਮੈਨਰਜ਼ ਨਾਮ ਦੀ ਚੀਜ਼ ਵੀ ਸਿੱਖੀ ਹੈ ? ਭੁੱਖੜ ਦੀ ਤਰ੍ਹਾਂ ਟੁੱਟ ਪਿਆ ਬਸ!"

ਫੇਰ ਚੁੱਪ ਛਾਅ ਗਈ। ਚਿੰਟੂ ਪਲੇਟ ਤੱਕ ਪਹੁੰਚ ਵੀ ਨਾ ਸਕਿਆ। ਉਹਨੂੰ ਆਪਣਾ ਕਸੂਰ ਵੀ ਨਾ ਸਮਝ ਆਇਆ। ਬਸ ਆਪਣੀ ਗੱਲ੍ਹ ਮਲ੍ਹਦਾ ਹੋਇਆ, ਡਰ ਨਾਲ ਕੰਬ ਗਿਆ । ਉਹ ਬੁੜ ਬੁੜ ਕਰਦੀ ਹੋਈ

ਫਿਰ ਤੋਂ ਮੋਤੀਚੂਰ ਦੇ ਲੱਡੂਆਂ ਵਾਲੀ ਪਲੇਟ ਦੀਆਂ ਫੋਟੋਆਂ ਖਿੱਚਣ ਲੱਗ ਪਈ। ਏਨੇ 'ਚ ਇੱਕ ਸੰਕੋਚ ਭਰੀ ਆਵਾਜ਼ ਆਈ, "ਬਹੂ! ਜੇ ਤੂੰ ਵੇਹਲੀ ਹੋ ਗਈ ਏਂ ਤਾਂ ਲੱਡੂ ਲੈ ਆ, ਭਰਾਵਾਨ ਨੂੰ ਭੋਗ ਲਗਾ ਦਈਏ?"
"ਆਉਂਦੀ ਹਾਂ! ... ਇੱਥੇ ਹਰ ਕਿਸੇ ਨੂੰ ਆਪਣੀ ਹੀ ਪਈ ਏ! ਹੁੰਅ!"
ਕਹਿੰਦੀ ਹੋਈ ਉਹ ਲੈਪਟੋਪ 'ਤੇ ਬੈਠ ਕੇ ਕੁਝ ਟਾਇਪ ਕਰਨ ਲੱਗ ਪਈ। ਥੌੜੀ ਹੀ ਦੇਰ ਬਾਅਦ 'ਮੋਤੀਚੂਰ ਦੇ ਲੱਡੂਆਂ ਦੀ ਪਲੇਟ' ਦੀ ਫੋਟੋ ਉਸਦੀ ਫੇਸਬੁੱਕ ਵਾਲ 'ਤੇ ਲੱਗੀ ਹੋਈ ਸੀ, ਅਤੇ ਉਸਦਾ ਕੈਪਸ਼ਨ ਸੀ "ਖਾਸ ਤੁਹਾਡੇ ਸਭ ਲਈ!"

ਉਸ ਪੋਸਟ ਉੱਤੇ ਝੱਟਪੱਟ ਢੇਰ ਸਾਰੇ 'ਲਾਈਕਸ' ਅਤੇ 'ਵਾਹ! ਵਾਹ! ਗ੍ਰਹਿਣੀ ਹੋਵੇ ਤਾਂ ਤੁਹਾਡੇ ਵਰਗੀ!" ਕੁਮੈਂਟਸ ਆਉਣ ਲੱਗੇ ਅਤੇ ਉਹ ਮਾਣ ਨਾਲ ਫੁੱਲ੍ਹੀ ਨਹੀਂ ਸਮਾ ਰਹੀ ਸੀ।

ਪੰਜਾਬੀ ਅਨੁਵਾਦ
— ਮੀਤ ਅਨਮੋਲ

ਜੁਰਮ, ਸਜ਼ਾ ਤੇ ਨਿਆਂ

ਪਰਮਿੰਦਰ ਸੋਢੀ

ਚੀਨ ਦੀ ਇਕ ਲੋਕ ਕਹਾਣੀ ਹੈ। ਇਕ ਵਾਰੀ ਇਕ ਆਦਮੀ ਦੀ ਕੁਹਾੜੀ ਗੁਆਚ ਗਈ। ਉਸ ਨੂੰ ਸ਼ੱਕ ਹੋ ਗਿਆ ਕਿ ਗੁਆਂਢੀਆਂ ਦਾ ਪੁੱਤ ਉਸ ਦੀ ਕੁਹਾੜੀ ਦਾ ਚੋਰ ਹੈ। ਨੌਜਵਾਨ ਨੂੰ ਇਧਰ-ਉਧਰ ਤੁਰਦਾ-ਫਿਰਦਾ ਦੇਖ ਕੇ ਉਸ ਨੂੰ ਲੱਗਾ ਕਿ ਉਸ ਦੀ ਤੋਰ ਹੀ ਚੋਰਾਂ ਵਾਲੀ ਹੈ। ਉਹ ਮੁੰਡਾ ਉਸ ਨੂੰ ਚੋਰਾਂ ਵਰਗਾ ਨਜ਼ਰ ਆਇਆ। ਉਸ ਦੀ ਗੱਲਬਾਤ ਦਾ ਤਰੀਕਾ ਵੀ ਚੋਰਾਂ ਵਰਗਾ ਸੀ। ਉਹ ਜੋ ਵੀ ਕਰਦਾ, ਉਸੇ ਗੱਲ ਤੋਂ ਉਸ ਦੇ ਕੁਹਾੜੀ ਚੋਰ ਹੋਣ ਦਾ ਪਤਾ ਲੱਗਦਾ ਸੀ।

ਕੁਝ ਦਿਨਾਂ ਬਾਅਦ ਉਸ ਆਦਮੀ ਨੂੰ ਆਪਣੀ ਕੁਹਾੜੀ ਲੱਭ ਗਈ। ਜਿਸ ਨੂੰ ਉਹ ਆਪ ਹੀ ਕਿਤੇ ਰੱਖ ਕੇ ਭੁੱਲ ਗਿਆ ਸੀ। ਇਸ ਤੋਂ ਬਾਅਦ ਉਸ ਨੇ ਦੇਖਿਆ ਕਿ ਉਹ ਮੁੰਡਾ ਹੁਣ ਚੋਰਾਂ ਵਰਗਾ ਵਿਵਹਾਰ ਨਹੀਂ ਕਰ ਰਿਹਾ ਸੀ।

ਚੰਗੇ ਮਾੜੇ ਦਾ ਨਿਰਣਾ ਕਿੰਝ ਕਰੀਏ ? ਅਠਾਰਾਂ-ਵੀਹ ਸਾਲ ਦੀ ਉਮਰ 'ਚ ਇਸ ਤਰ੍ਹਾਂ ਦੇ ਨਿਰਣੇ ਕਰਨੇ ਬੜੇ ਸੌਖੇ ਹੁੰਦੇ ਸਨ। ਜਿਉਂ ਜਿਉਂ ਉਮਰ ਵਧਦੀ ਹੈ, ਨੇਕੀ-ਬੁਰਾਈ, ਸੱਚ-ਝੂਠ, ਉੱਚਾ-ਨੀਵਾਂ ਅਤੇ ਨਿਆਂ-ਅਨਿਆਂ ਦਾ ਫ਼ੈਸਲਾ ਕਰਨਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਉਮਰ ਵਧਣ ਨਾਲ ਤਾਣਾ ਸੁਲਝਣ ਦੀ ਥਾਂ ਹੋਰ ਵੀ ਉਲਝਦਾ ਜਾ ਰਿਹਾ ਹੈ।

ਕੀ ਚੰਗਾ ਹੈ ਤੇ ਕੀ ਮਾੜਾ! ਇਕ ਸਭਿਆਚਾਰ ਲਈ ਸ਼ਾਕਾਹਾਰੀ ਭੋਜਨ ਚੰਗਾ ਹੈ ਤੇ ਦੂਜੇ ਲਈ ਮਾਸਾਹਾਰੀ। ਕੁਝ ਲੋਕ ਮਸੇਰ, ਚਚੇਰ ਜਾਂ ਜਾਤ ਭਰਾ ਜਾਂ ਭੈਣ ਨਾਲ ਵਿਆਹ ਕਰਨਾ ਚੰਗਾ ਸਮਝਦੇ ਹਨ ਤੇ ਕੁਝ ਇਸ ਨੂੰ ਮਾੜਾ ਕਹਿੰਦੇ

ਹਨ।

ਇਕ ਸੂਬੇ 'ਚ ਸ਼ਰਾਬ ਪੀਣਾ ਜੁਰਮ ਹੈ ਤੇ ਇਸ ਜੁਰਮ ਕਰਕੇ ਜੇਲ ਵੀ ਹੋ ਸਕਦੀ ਹੈ। ਪਰ ਨਾਲ ਵਾਲੇ ਸੂਬੇ 'ਚ ਸ਼ਰਾਬ ਸਰਕਾਰ ਦੀ ਨਜ਼ਰ ਹੇਠ ਵਿਕ ਸਕਦੀ ਹੈ। ਪੰਜਾਬ 'ਚ ਕਿਸੇ ਮੇਲੇ-ਤਿਉਹਾਰ 'ਤੇ ਭੰਗ ਪੀਣਾ ਕੋਈ ਮਸਲਾ ਨਹੀਂ। ਪਰ ਅਮਰੀਕਾ 'ਚ ਇਸ ਬਦਲੇ ਉਮਰ ਕੈਦ ਹੋ ਸਕਦੀ ਹੈ ਤੇ ਸਿੰਘਾਪੁਰ 'ਚ ਇਸੇ ਭੰਗ ਦੇ ਭਾੜੇ ਮੌਤ ਵੀ ਨਸੀਬ ਹੋ ਸਕਦੀ ਹੈ। ਇਕ ਦੇਸ਼ ਦਾ ਕਾਨੂੰਨ ਕਿਸੇ ਦੂਜੇ ਦੇਸ਼ ਤੋਂ ਬਿਲਕੁਲ ਉਲਟ ਵੀ ਹੋ ਸਕਦਾ ਹੈ। ਕੋਈ ਗੱਲ ਇਕ ਧਰਮ 'ਚ ਮਾੜੀ ਹੈ ਤੇ ਦੂਸਰੇ 'ਚ ਮਾੜੀ ਨਹੀਂ।

ਜਾਪਾਨੀ ਕਹਾਵਤ ਹੈ ਕਿ ਜੇ ਇਕ ਬੰਦਾ ਇਕ ਰੁਪਏ ਦੀ ਚੋਰੀ ਕਰਦਾ ਹੈ ਤਾਂ ਉਸ ਨੂੰ ਜੇਲ੍ਹ ਹੁੰਦੀ ਹੈ। ਜੇ ਉਹ ਪੂਰੇ ਮੁਲਕ 'ਤੇ ਕਬਜ਼ਾ ਕਰ ਲੈਂਦਾ ਹੈ ਤਾਂ ਰਾਜਾ ਅਖਵਾਂਦਾ ਹੈ। ਸਫ਼ਲ ਜੁਰਮ ਅਕਸਰ ਨੇਕੀ ਦਾ ਮਖੌਟਾ ਧਾਰਨ ਕਰ ਲੈਂਦਾ ਹੈ। ਜਿਸ ਨੂੰ ਅਸੀਂ ਕਾਰੋਬਾਰੀ ਜਾਂ ਪੇਸ਼ਾਵਰੀ ਸਫ਼ਲਤਾ ਕਹਿੰਦੇ ਹਾਂ, ਅਸਲ ਵਿਚ ਉਹ ਜੁਰਮਾਂ ਦੇ ਲੰਬੇ ਤੇ ਤਾਰਕਿਕ ਸਿਲਸਿਲੇ ਦਾ ਪਰਲਾ ਸਿਰਾ ਹੈ।

ਯੂਨਾਨ ਦਾ ਦਾਰਸ਼ਨਿਕ ਡਾਯੋਜਿਨਜ਼ ਕਚਹਿਰੀ ਮੂਹਰੇ ਖੜ੍ਹਾ ਸੀ। ਪੁਲਿਸ ਵਾਲੇ ਇਕ ਬੰਦੇ ਨੂੰ ਹੱਥਕੜੀ ਲਾਈ ਜੱਜ ਮੂਹਰੇ ਪੇਸ਼ ਕਰਨ ਜਾ ਰਹੇ ਸਨ। ਦੋਸ਼ੀ ਨੇ ਸਰਕਾਰੀ ਖ਼ਜ਼ਾਨੇ 'ਚੋਂ ਇਕ ਕੱਪ ਚੋਰੀ ਕਰ ਲਿਆ ਸੀ। ਕੋਲ ਖੜ੍ਹੇ ਇਕ ਆਦਮੀ ਨੇ ਪੁੱਛਿਆ ਕਿ ਕੀ ਗੱਲ ਹੋ ਗਈ ? ਡਾਯੋਜਿਨਜ਼ ਨੇ ਜੁਆਬ ਦਿੱਤਾ, "ਕੋਈ ਖ਼ਾਸ ਨਹੀਂ। ਵੱਡੇ ਚੋਰ, ਛੋਟੇ ਚੋਰ ਨੂੰ ਸਜ਼ਾ ਦੇਣ

ਜਾ ਰਹੇ ਹਨ।"

ਆਮ ਕਿਹਾ ਸੁਣਿਆ ਜਾਂਦਾ ਹੈ ਕਿ ਕਾਨੂੰਨ ਦੇ ਹੱਥ ਬੜੇ ਲੰਬੇ ਹੁੰਦੇ ਹਨ। ਪਰ ਮੈਨੂੰ ਤਾਂ ਲੱਗਦਾ ਹੈ ਕਿ ਕਾਨੂੰਨ ਤਕ ਪਹੁੰਚਣ ਦੇ ਰਸਤੇ ਬੜੇ ਲੰਬੇ ਹੁੰਦੇ ਹਨ। ਲੰਬੇ ਹੀ ਨਹੀਂ, ਗੰਝਲਦਾਰ ਵੀ ਹੁੰਦੇ ਹਨ। ਜੇ ਕਿਸੇ ਦੀ ਮੱਝ ਚੋਰੀ ਹੋ ਜਾਵੇ ਅਤੇ ਉਹ ਕਾਨੂੰਨ ਦੀ ਮਦਦ ਲੈਣ ਤੁਰ ਪਏ ਤਾਂ ਜ਼ਰੂਰ ਆਪਣੇ ਬਲਦਾਂ ਦੀ ਜੋੜੀ ਵੀ ਗੁਆ ਕੇ ਘਰ ਪਰਤੇਗਾ।

ਕਿਸੇ ਸਿਆਣੇ ਨੇ ਕਿਹਾ ਹੈ ਕਿ ਕਾਨੂੰਨ ਨੂੰ ਘੜਨ 'ਚ ਸੌ ਸਾਲ ਲੱਗ ਜਾਂਦੇ ਹਨ ਤੇ ਮੁੜ ਉਸੇ ਕਾਨੂੰਨ ਤੋਂ ਖਹਿੜਾ ਛੁਡਾਣ ਲਈ ਸੌ ਸਾਲ ਹੋਰ ਲੱਗ ਜਾਂਦੇ ਹਨ।

ਸਮਾਂ ਬਦਲਣ ਨਾਲ ਜੁਰਮਾਂ ਦੀ ਪਰਿਭਾਸ਼ਾ ਬਦਲ ਜਾਂਦੀ ਹੈ। ਦੇਸ਼ ਬਦਲਣ ਨਾਲ ਦੋਸ਼ੀ ਨਿਰਦੋਸ਼ ਹੋ ਜਾਂਦੇ ਹਨ ਤੇ ਨਿਰਦੋਸ਼ ਕੈਦ 'ਚ ਪਹੁੰਚ ਜਾਂਦੇ ਹਨ।

ਫਿਰ ਫ਼ੈਸਲਾ ਕਿੰਝ ਕਰੀਏ ? ਜਦ ਕਿਸੇ ਗੱਲ ਦਾ ਹੱਲ ਸਮਝ ਨਾ ਆਵੇ ਤਾਂ ਬੁੱਧ ਪੁਰਸ਼ਾਂ ਦੀ ਸ਼ਰਨ 'ਚ ਜਾਣਾ ਚਾਹੀਦਾ ਹੈ। ਖ਼ਲੀਲ ਜਿਬਰਾਨ ਆਪਣੀ ਪੁਸਤਕ 'ਪੈਗੰਬਰ' ਵਿਚ ਲਿਖਦਾ ਹੈ, "ਜਿਵੇਂ ਕੋਈ ਪੱਤਾ ਪੂਰੇ ਬਿਰਖ਼ ਦੀ ਖ਼ਾਮੋਸ਼ ਮਰਜ਼ੀ ਬਗੈਰ ਪੀਲਾ ਨਹੀਂ ਹੋ ਸਕਦਾ, ਇਸੇ ਤਰ੍ਹਾਂ ਬੁਰਾ ਕਰਨ ਵਾਲਾ ਵੀ ਸਾਡੇ ਸਾਰਿਆਂ ਅੰਦਰ ਲੁਕ ਕੇ ਬੈਠੀ ਇਜਾਜ਼ਤ ਬਗੈਰ ਗ਼ਲਤ ਕੰਮ ਨਹੀਂ ਕਰ ਸਕਦਾ।"

(ਕਿਤਾਬ 'ਰੱਬ ਦੇ ਡਾਕੀਏ' 'ਚੋਂ ਧੰਨਵਾਦ ਸਹਿਤ)

ਤਸਕਰੀ –

ਮੁੱਲਾ ਨਸਰੂਦੀਨ ਖੋਤੇ ਦੀ ਪਿੱਠ 'ਤੇ ਘਾਹ ਦੀ ਪੰਡ ਰੱਖੀ ਆਪਣੇ ਦੇਸ਼ ਤੋਂ ਗਵਾਂਢੀ ਦੇਸ਼ ਦੀ ਹੱਦ ਪਾਰ ਕਰ ਰਿਹਾ ਸੀ। ਸਰਹੱਦ 'ਤੇ ਚੌਕੀ ਬਣੀ ਹੋਈ ਸੀ ਅਤੇ ਉਸ ਚੌਂਕੀ ਦਾ ਅਫ਼ਸਰ ਬਹੁਤ ਕੜਕ ਸੀ। ਉਸਨੇ ਮੁੱਲਾ ਨੂੰ ਪੁੱਛ ਗਿੱਛ ਲਈ ਰੋਕਿਆ ਤੇ ਪੁੱਛਿਆ, "ਕੌਣ ਹੈਂ ਤੂੰ? ਇਸ ਦੇਸ਼ 'ਚ ਕੀ ਕਰਨ ਜਾ ਰਿਹਾ ਹੈਂ? ਕੀ ਕੰਮ ਹੈ ਤੇਰਾ?"

ਮੁੱਲਾ ਨੇ ਕਿਹਾ, "ਮੈਂ ਤਸਕਰ ਹਾਂ, ਮੈਂ ਦੋਹਾਂ ਦੇਸ਼ਾ ਵਿਚਕਾਰ ਤਸਕਰੀ ਕਰਦਾ ਹਾਂ ।"

ਮੁੱਲਾ ਦੀ ਗੱਲ ਸੁਣ ਕੇ ਅਫ਼ਸਰ ਇੱਕ ਦਮ ਚੌਂਕ ਗਿਆ। ਉਸਨੇ ਆਪਣੇ ਸਾਰੇ ਸਿਪਾਹੀ ਮੁੱਲਾ ਦੀ ਤਲਾਸ਼ੀ ਲੈਣ ਲਈ ਲਗਾ ਦਿੱਤੇ। ਉਹਨਾਂ ਮੁੱਲਾ ਦੇ ਕੱਪੜੇ, ਪਗੜੀ, ਜੁੱਤੀ, ਸਭ ਕੁਝ ਉਤਰਵਾ ਕੇ ਵੇਖਿਆ। ਖੋਤੇ ਦੀ ਪਿੱਠ 'ਤੇ ਲੱਦੀ ਘਾਹ ਦੀ

ਪੰਡ ਵੀ ਖੋਲ ਕੇ ਚੰਗੀ ਤਰ੍ਹਾਂ ਵੇਖੀ। ਪਰ ਕੁਝ ਨਾ ਮਿਲਿਆ। ਅਫ਼ਸਰ ਨੇ ਆਪ ਵੀ ਤਸੱਲੀ ਕੀਤੀ ਪਰ ਕੁਝ ਹੱਥ ਨਾ ਲੱਗਾ। ਮਜ਼ਬੂਰਨ ਉਸ ਨੂੰ ਮੁੱਲਾ ਨੂੰ ਛੱਡਣਾ ਪਿਆ। ਮੁੱਲਾ ਚਲਾ ਗਿਆ।

ਇੱਕ ਦੋ ਦਿਨਾਂ ਬਾਅਦ ਮੁੱਲਾ ਫਿਰ ਖੋਤੇ 'ਤੇ ਘਾਹ ਦੀ ਪੰਡ ਰੱਖੀ ਵਾਪਿਸ ਆਪਣੇ ਦੇਸ਼ ਜਾਣ ਲੱਗਾ। ਚੌਂਕੀ 'ਤੇ ਉਸ ਅਫ਼ਸਰ ਨੇ ਫਿਰ ਉਸਨੂੰ ਰੋਕਿਆ ਤੇ ਪੂਰੀ ਤਸਲੀ ਨਾਲ ਉਸਦੀ ਤਲਾਸ਼ੀ ਲਈ ਪਰ ਇਸ ਵਾਰ ਵੀ ਕੁਝ ਨਾ ਮਿਲਿਆ। ਤੇ ਮੁੱਲਾ ਨੂੰ ਜਾਣ ਦਿੱਤਾ ਗਿਆ।

ਕੁਝ ਦਿਨਾਂ ਬਾਅਦ ਮੁੱਲਾ ਫਿਰ ਖੋਤੇ ਤੇ ਘਾਹ ਦੀ ਪੰਡ ਰੱਖੀ ਆ ਧਮਕਿਆ। ਅਫ਼ਸਰ ਨੇ ਫਿਰ ਉਹੀ ਸਭ ਕੀਤਾ ਤੇ ਨਿਰਾਸ਼ਾ ਹੀ ਹੱਥ ਲੱਗੀ।

ਇਹ ਸਿਲਸਿਲਾ ਸਾਲਾਂ ਤੱਕ ਚੱਲਦਾ ਰਿਹਾ। ਮੁੱਲਾ ਦੇ ਕਪੜੇ, ਰਹਿਣੇ ਸਭ ਮਹਿੰਗੇ ਹੁੰਦੇ ਗਏ। ਉਹ ਬਹੁਤ ਅਮੀਰ ਹੋ ਗਿਆ ਜਾਪਦਾ ਸੀ। ਪਰ ਅਫ਼ਸਰ ਨੂੰ ਕੁਝ ਵੀ ਸਬੂਤ ਉਸ ਖਿਲਾਫ਼ ਨਾ ਮਿਲੇ।

ਅਖੀਰ ਉਹ ਅਫ਼ਸਰ ਸੇਵਾ ਮੁਕਤ ਹੋ ਗਿਆ। ਪਰ ਮੁੱਲਾ ਦਾ ਆਉਣਾ ਜਾਣਾ ਲੱਗਾ ਰਿਹਾ।

ਇੱਕ ਦਿਨ ਉਸ ਅਫ਼ਸਰ ਦੀ ਮੁੱਲਾ ਨਾਲ ਇੱਕ ਕਾਹਵਾ ਘਰ ਵਿੱਚ ਮੁਲਕਾਤ ਹੋ ਗਈ। ਉਹ ਮੁੱਲਾ ਦੇ ਪੈਰਾਂ ਵਿੱਚ ਡਿੱਗ ਗਿਆ ਅਤੇ ਕਹਿਣ ਲੱਗਾ, "ਮੁੱਲਾ, ਅੱਲਾ ਦਾ ਵਾਸਤਾ ਹੈ ਤੈਨੂੰ। ਹੁਣ ਮੈਨੂੰ ਜਰੂਰ ਦੱਸ ਦੇ ਕਿ ਤੂੰ ਕਿਸ ਚੀਜ਼ ਦੀ ਤਸਕਰੀ ਕਰਦਾ ਰਿਹਾ ਹੈਂ?"

ਮੁੱਲਾ ਮੁਸਕੁਰਾਇਆ ਤੇ ਬੋਲਿਆ, "ਖੋਤਿਆਂ ਦੀ।"

ਗ਼ਜ਼ਲ / ਹਰਦਿਆਲ ਸਾਗਰ

ਹੈ ਜਾਪਦਾ ਇਹ ਈਸਾ ਪੂਰਵ ਕਿਸੇ ਸਦੀ ਦਾ।
ਮਿਲਿਆ ਹੈ ਇੱਕ ਗੁਫ਼ਾ 'ਚੋਂ, ਅਵਸ਼ੇਸ਼ ਦੋਸਤੀ ਦਾ।

ਨਾ ਰਾਮ ਦਾ, ਨਾ ਸ਼ਿਵ ਦਾ, ਨਾ ਕ੍ਰਿਸ਼ਨ ਦਾ ਹੈ ਮੰਦਿਰ,
ਮੰਦਿਰ ਹੈ ਦਿਲ ਜੇ ਮੇਰਾ ਤਾਂ ਸਿਰਫ਼ 'ਇਸ਼ਕ ਜੀ' ਦਾ।

ਮਿੱਟੀ ਖ਼ਰਾਬ, ਮਾਲੀ ਖੋਟੇ, ਅੱਯਾਸ਼ ਭੰਵਰੇ,
ਮੁਮਕਿਨ ਹੈ ਕਿਸ ਤਰ੍ਹਾਂ ਫਿਰ ਖਿੜਣਾ ਕਿਸੇ ਕਲੀ ਦਾ।

ਬਾਹਾਂ 'ਚ ਜਾਨ ਤੋਂ ਬਿਨ, ਪੂਰੇ ਈਮਾਨ ਤੋਂ ਬਿਨ,
ਮੇਰੇ ਅਜ਼ੀਜ਼ ਐਵੇਂ ਦੁਰਮਟ ਨਹੀਂ ਫੜੀ ਦਾ।

ਮੈਂ ਬੇਸਬੱਬ ਨਹੀਂ ਹਾਂ ਬੋਟਾਂ ਨੂੰ ਗਿਣਨ ਲੱਗਾ,
ਜੰਗਲ਼ 'ਚ ਗੂੰਜਿਆ ਹੈ, ਹਾਸਾ ਨਿਸ਼ਾਨਚੀ ਦਾ।

ਬਰਬਾਦ ਉਸ ਨੇ ਕੀਤਾ ਮੈਨੂੰ ਤਾਂ ਮੈਂ ਵੀ ਆਖਿਰ,
ਉਸ ਨੂੰ ਸੁਣਾ ਹੀ ਦਿੱਤਾ 'ਏਦਾਂ ਨਹੀਂ ਕਰੀ ਦਾ'।

ਬ੍ਰਹਿਮੰਡ

ਅੰਬਰ ਨੀਲਾ ਨਹੀਂ
ਬਾਜਰੇ ਦੇ ਸਿੱਟੇ ਠੁੰਗਦੇ ਤੋਤਿਆਂ ਵਰਗਾ ਹੈ,
ਹਰਾ ਕਚਾਰ

ਤਾਰੇ ਚਮਕਦੇ ਨਹੀਂ
ਛੱਜ 'ਚ ਕਣਕ ਛੰਡਦੀ ਮਾਂ ਕੋਲ,
ਰੁੜ੍ਹਦੇ ਨੇ ਬਾਲਾਂ ਦੇ ਬੰਟਿਆਂ ਵਾਂਗ

ਹਵਾਵਾਂ, ਕੰਨਾਂ 'ਚ
ਲਾਲ, ਪੀਲੇ ਫੁੱਲਾਂ ਦੀਆਂ ਮੁਰਕੀਆਂ ਪਾ
ਲਹਿਰਾ ਨਾਲ ਖੜਦੀਆ
ਲੁਕਣ ਮੀਟੀ

ਰੁੱਤਾਂ, ਸ਼ਿੰਗਾਰ ਕਰਕੇ
ਮੌਸਮਾਂ ਦੀ ਬਾਂਹ 'ਚ ਬਾਂਹ ਪਾ ਘੁੰਮਦੀਆਂ,
ਪਹਾੜਾਂ - ਬਰਫ਼ਾਂ - ਰੇਤਿਆਂ ਦੇ ਦੇਸ

ਪੰਛੀ ਮਜਲਿਸਾਂ 'ਚ ਗਾਉਂਦੇ,
ਕਵਾਲੀਆਂ - ਘੋੜੀਆਂ - ਗ਼ਜ਼ਲਾਂ - ਗੀਤ
ਇੱਕੋ ਬਾਟੇ 'ਚੋਂ ਪੀਂਦੇ
ਟਹਿਣੀਆਂ ਤੋਂ ਸਿੰਮਿਆ ਅਰਕ

ਪਸ਼ੂ ਬੋਲਦੇ
ਧੁੱਪਾਂ ਚਰਖੇ ਕੱਤਦੀਆਂ
ਬੱਦਲ ਚੁਗਦੇ ਘਾਠ 'ਚੋਂ ਕਣ ਕੂੜਾ
ਅਗਨੀ ਛਾਵਾਂ ਕਰਦੀ
ਰੁੱਖਾਂ ਦੇ ਪੀਂਘ ਝੂਟੇ

ਬਾਹਰੀ ਬ੍ਰਹਿਮੰਡ,
ਅੰਦਰ ਮੌਲੇ
ਅੰਦਰਲੇ ਲਹੂ ਕਣ,
ਬਾਹਰ ਧੜਕਦੇ।

ਮਨਜੀਤ 'ਸੁਖਮ'

ਝੇਨ ਕਥਾ

ਕਿਸ਼ਤੀ ਖਾਲੀ ਹੈ —

ਝੇਨ ਫਕੀਰ ਲਿੰਚੀ ਨੂੰ ਗੁੱਸਾ ਨਹੀਂ ਸੀ ਆਉਂਦਾ। ਆਪਣਾ ਅਪਮਾਨ ਕਰਨ ਵਾਲੇ ਵੱਲ ਲਿੰਚੀ ਗੌਰ ਨਾਲ ਦੇਖਦਾ ਤੇ ਮੁਸਕਰਾ ਕੇ ਆਖ ਦਿੰਦਾ ਕਿ ਇਹ ਕਿਸ਼ਤੀ ਵੀ ਖਾਲੀ ਹੈ। ਉਸਦੇ ਚੇਲੇ ਉਸਦੀ ਇਹ ਅਵਸਥਾ ਦੇਖ ਕੇ ਹੈਰਾਨ ਹੁੰਦੇ।

ਚੇਲਿਆਂ ਦੇ ਵਾਰ ਵਾਰ ਪੁੱਛਣ 'ਤੇ ਲਿੰਚੀ ਨੇ ਜਵਾਨੀ ਦੇ ਦਿਨਾਂ ਦੀ ਘਟਨਾ ਸੁਣਾਉਂਦਿਆਂ ਦੱਸਿਆ ਕਿ ਉਸਨੂੰ ਜਵਾਨੀ ਦੇ ਦਿਨਾਂ ਵਿੱਚ ਬਹੁਤ ਗੁੱਸਾ ਆਉਂਦਾ ਸੀ।

ਇਕ ਦਿਨ ਟਿਕੀ ਹਨੇਰੀ ਰਾਤ ਦੌਰਾਨ ਉਹ ਨਦੀ ਵਿਚ ਕਿਸ਼ਤੀ ਉੱਪਰ ਬੈਠ ਕੇ ਧਿਆਨ ਕਰ ਰਿਹਾ ਸੀ ਤਾਂ ਇਕ ਹੋਰ ਕਿਸ਼ਤੀ ਉਸਦੀ ਕਿਸ਼ਤੀ ਨਾਲ ਆ ਟਕਰਾਈ। ਉਹ ਗੁੱਸੇ ਵਿੱਚ ਅੱਗ ਬਬੂਲਾ ਹੋ ਗਿਆ। ਉਸਨੇ ਕਿਸ਼ਤੀ ਚਾਲਕ ਨੂੰ ਲਲਕਾਰਿਆ ਅਤੇ ਮੰਦਾ ਚੰਗਾ ਬੋਲਣਾ ਸ਼ੁਰੂ ਕਰ ਦਿੱਤਾ ।

ਬਾਅਦ ਵਿੱਚ ਜਦੋਂ ਉਸਨੇ ਧਿਆਨ ਨਾਲ ਦੇਖਿਆ ਕਿ ਕਿਸ਼ਤੀ ਖਾਲੀ ਹੈ ਅਤੇ ਲਹਿਰਾਂ ਸਹਾਰੇ ਤੁਰਦੀ ਤੁਰਦੀ ਉਸਦੀ ਕਿਸ਼ਤੀ ਨਾਲ ਆ ਟਕਰਾਈ ਹੈ। ਦੋਸ਼ੀ ਕੋਈ ਵੀ ਨਹੀਂ ਹੈ, ਲਹਿਰਾਂ ਹਨ- ਜੋ ਖਾਲੀ ਕਿਸ਼ਤੀ ਨੂੰ ਉਸਦੀ ਕਿਸ਼ਤੀ ਕੋਲ ਲੈ ਆਈਆਂ ਸਨ।

ਖਾਲੀ ਕਿਸ਼ਤੀ ਦੇਖ ਕੇ ਉਸਨੇ ਹੈਰਾਨੀ ਨਾਲ ਆਪਣੇ ਗੁੱਸੇ ਬਾਰੇ ਸੋਚਿਆ ਅਤੇ ਆਤਮ ਚਿੰਤਨ ਕਰਦਾ ਹੋਇਆ ਉਹ ਆਪਣੇ ਕੇਂਦਰ 'ਤੇ ਜਾ ਪਹੁੰਚਿਆ। ਉਹ ਖਾਲੀ ਕਿਸ਼ਤੀ ਹੀ ਉਸਦਾ ਗੁਰੂ ਬਣ ਗਈ ।

ਉਸਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਹੁਣ ਜਦੋਂ ਕੋਈ ਗੁੱਸੇ ਵਿੱਚ ਮੇਰਾ ਅਪਮਾਨ ਕਰਦਾ ਹੈ ਤਾਂ ਮੈਂ ਉਸਦੀਆਂ ਅੱਖਾਂ ਵਿੱਚ ਗੌਰ ਨਾਲ ਦੇਖਦਾ ਹਾਂ ਅਤੇ ਮੁਸਕਰਾ ਕੇ ਆਖ ਦਿੰਦਾ ਹਾਂ ਕਿ ਕਿਸ਼ਤੀ ਖਾਲੀ ਹੈ ।

ਲਹਿੰਦੇ ਪੰਜਾਬ ਦਾ ਰੰਗ

ਸਾਬਿਰ ਅਲੀ ਸਾਬਿਰ

ਇਫ਼ਤਾਰੀ

ਪਹਿਲੇ ਰੋਜ਼ੇ ਪਾਨਾਂ ਸਿਗਰਟਾਂ
ਵਾਲੀ ਦੁਕਾਨ ਤੇ ਇੱਕ ਮੰਗਣ
ਵਾਲੀ ਜਵਾਨ ਕੁੜੀ ਆਈ,
ਜੀਹਨੇ ਅੱਧਾ ਕੁ ਨਕਾਬ ਕੀਤਾ
ਹੋਇਆ ਸੀ, ਆਪਣੀਆਂ
ਜਵਾਨ ਅੱਖਾਂ ਦੀ ਚਮਕ 'ਤੇ
ਮਜ਼ਬੂਰੀ ਅੰਦਾਜ਼ 'ਚ ਦੁਕਾਨ-
ਦਾਰ ਅੱਗੇ ਤਲ਼ੀ ਕੀਤੀ,
ਦੁਕਾਨਦਾਰ ਜਿਹੜਾ ਕੇ
ਪੰਤਾਲੀ ਕੁ ਦੇ ਲਾਗੇ ਹੋਵੇਗਾ,
ਆਪਣੀਆਂ ਅੱਖਾਂ ਨਿੱਕੀਆਂ
ਕਰਦਿਆਂ ਹੋਇਆਂ ਮੁਸਕਰਾ
ਕੇ ਹੌਲੀ ਜਿਹੀ ਬੋਲਿਆ,

"ਇਫ਼ਤਾਰੀ ਤੋਂ ਬਾਅਦ ਆਵੀਂ"

ਨਿਊ ਏਅਰ ਨਾਇਟ

ਸੁੱਕੀ ਠੰਡ 'ਚ ਗੁੱਝੀ ਧੁੰਦਲੀ
ਰਾਤ ਦੇ ਪੌਣੇ ਕੁ ਬਾਰਾਂ ਵਜੇ
ਕਾਲੀ ਸੜਕ ਦੇ ਖੱਬੇ ਫੁੱਟ ਪਾਥ
ਨਾਲ ਇੱਕ ਖ਼ਾਲੀ ਰਿਕਸ਼ੇ ਨੇ
ਬਰੇਕ ਮਾਰੀ —

"ਜੀ! ਕਿੱਥੇ ਜਾਣਾ ਏ?"

"ਜਿੱਥੇ ਲੇ ਚਲੇਂ"

"ਓਹ ...ਆ ... ਕੋਈ ਹੋਰ ਬੰਦਾ
ਲੱਭ ਬੀਬੀ ਮੈਂ ਤਾਂ ਮਜ਼ਦੂਰ
ਆਦਮੀ ਆਂ"

"ਤੇ ਮੈਂ ਕੀ ਆਂ?"

ਲਿੱਪੀਅੰਤਰ
ਸੰਦੀਪ ਧਨੌਲਾ



ਗੂੰਗਾ ਚਾਖ਼ – ਜੋ ਨਗ਼ਮਾ ਬਣਾ

ਕੁਦਰਤ ਜਦ ਕਿਸੇ ਨੂੰ ਸ਼ਾਇਰ ਹੋਣ ਦਾ ਵਰ ਦਿੰਦੀ ਹੈ ਤਾਂ ਉਸਦੇ ਮੱਥੇ 'ਚ ਚਿੰਤਨ ਦੀ ਚੰਗਿਆੜੀ, ਹਿਰਦੇ 'ਚ ਤੜਪ, ਸੋਚਾਂ 'ਚ ਜਨੂੰਨ ਅਤੇ ਸ਼ਬਦਾਂ 'ਚ ਅਸਰ ਵੀ ਬਖ਼ਸ਼ ਦਿੰਦੀ ਹੈ। ਅਜਿਹੇ ਸ਼ਾਇਰ ਨੂੰ ਫਿਰ 'ਹਰਫ ਜਜ਼ਬਾਤਾਂ ਨਾਲ ਧੋ ਕੇ' ਲਿਖਣੇ ਆ ਜਾਂਦੇ ਹਨ। 'ਬਿਖਰੇ ਤੇ ਕਤਰੇ ਪਰਾਂ ਨਾਲ ਪਰਵਾਜ਼' ਭਰਦਿਆਂ 'ਜ਼ਖਮਾਂ ਦੀ ਟੀਸ ਜਰਨ' ਦਾ ਹੁਨਰ ਪੈਦਾ ਹੋ ਜਾਂਦਾ ਹੈ। ਅਜਿਹੇ ਕਰਤਾਰੀ ਪਲਾਂ ਅੰਦਰ ਸ਼ਾਇਰ 'ਨੈਣਾਂ 'ਚ ਬਿਰਹਾ ਦਾ ਨੀਰ ਭਰਕੇ ਸਮੁੰਦਰ ਨੂੰ ਵੰਗਾਰਨ ਦੀ ਜੁਅਰਤ' ਕਰ ਜਾਂਦਾ ਹੈ। ਜਦ ਸ਼ਾਇਰੀ ਹਮਸਫਰ ਬਣਦੀ ਹੈ ਤਾਂ "ਗੁੰਗੀ ਚੀਖ" ਵੀ ਸੁਰੀਲੇ ਨਗਮੇ ਦਾ ਰੂਪ ਧਾਰਨ ਕਰ ਜਾਂਦੀ ਹੈ। ਜੀ ਹਾਂ ਗੱਲ ਕਰਨ ਜਾ

ਰਹੇ ਹਾਂ ਸਿਮਰਨਜੋਤ ਮਾਨ ਦੀ ਪਲੇਠੀ ਗ਼ਜ਼ਲ ਪੁਸਤਕ ਗੁੰਗੀ ਚੀਖ ਦੀ...

ਹਮਸਫਰ ਹੋਇਉਂ ਤੂੰ ਮੈਂ ਭਟਕਣ ਤੋਂ ਰਸਤਾ ਬਣ ਗਈ ।
ਚੀਖ ਸਾਂ ਗੁੰਗੀ ਮੈਂ ਤੂੰ ਗਾਇਆ ਤਾਂ ਨਗਮਾਂ ਬਣ ਗਈ ।
ਖਿੰਡਰੇ ਬੇਅਰਥ ਲਫ਼ਜ਼ਾਂ ਵਾਂਗ ਸਾਂ ਤੇਰੇ ਬਿਨਾਂ,
ਜ਼ਿੰਦਗੀ ਤੇਰੇ ਹੁੰਗਾਰੇ ਨਾਲ ਕਵਿਤਾ ਬਣ ਗਈ ।

ਜ਼ਿੰਦਗੀ ਨੂੰ ਦੇਖਣ ਦਾ ਹਰ ਵਿਅਕਤੀ ਦਾ ਨਜ਼ਰੀਆ ਵੱਖੋ ਵੱਖ ਹੁੰਦੈ ਤੇ ਸ਼ਾਇਰਾਂ ਨੇ ਵੀ ਵੱਖੋ ਵੱਖ ਕੋਣਾਂ ਤੋਂ ਜ਼ਿੰਦਗੀ ਨੂੰ ਨਿਰਖਿਆ ਪਰਖਿਆ ਹੈ। ਜ਼ਿੰਦਗੀ ਜ਼ਿੰਦਾਬਾਦ ਵਰਗਾ ਚੜ੍ਹਦੀ ਕਲ੍ਹਾ ਦਾ ਨਾਹਰਾ ਵੀ ਮੌਜੂਦ ਹੈ ਅਤੇ ਕਰੂਰ ਯਥਾਰਥ ਨਾਲ ਟਕਰਾ ਕੇ ਸੁਪਨਿਆਂ ਦੀ, ਰਿਸ਼ਤਿਆਂ ਦੀ ਅਤੇ ਅਹਿਸਾਸਾਂ ਦੀ ਟੁੱਟ ਭੱਜ ਵੀ ਜ਼ਿੰਦਗੀ ਨੂੰ ਦੰਦ ਚਿੜਾਉਂਦੀ ਹੈ। ਸਿਮਰਨਜੋਤ ਕਿਸ ਜਾਵੀਏ ਤੋਂ ਜ਼ਿੰਦਗੀ ਨੂੰ ਤੱਕਦੀ ਹੈ, ਆਉ ਦੇਖੀਏ...

ਸਮਿਆਂ ਦੀ ਨੈਣ ਦੇ ਗਈ ਸੂਲਾਂ ਦੀ ਟਾਹਣ ਜੋ,
ਉਸੇ ਨਾਲ ਸਿਰ ਹਯਾਤ ਦਾ ਵਾਹੁਣਾ ਪਿਆ ਮੈਨੂੰ।

ਧੀਆਂ ਦੇ ਛੰਦ ਵਿਚ ਲਿਖਦਾ ਰਹਾਂ ਜੇ ਜ਼ਿੰਦਗੀ,
ਸਿਸਕੀਆਂ ਦੀ ਤਰਜ਼ ਤੇ ਉਹ ਗੀਤ ਮੈਂ ਗਾਉਂਦੀ ਰਹੀ।

ਰੋਜ਼ ਕਿਸ਼ਤਾਂ 'ਚ ਪੈ ਰਿਹਾ ਮਰਨਾ,
ਜ਼ਿੰਦਗੀ ਇੱਕ ਉਧਾਰ ਲੱਗਦੀ ਹੈ।

ਜਦ ਸੱਖਣਾਪਣ ਰੂਹ ਦੇ ਬਨੇਰਿਆਂ ਤੇ ਆਣ ਬਹਿੰਦਾ ਹੇ ਤਾਂ ਹੰਝੂ ਵੀ ਸੌਗਾਤ ਬਣ ਜਾਂਦੇ ਹਨ। ਮਨ ਦੀ ਕੈਫੀਅਤ ਹੀ ਅਜਿਹੀ ਹੋ ਜਾਂਦੀ ਹੈ ਕਿ ਰੂਹ ਨੂੰ ਪੱਛ ਲਾਉਣ ਵਾਲੇ ਦਾ ਹਰ ਜ਼ੁਲਮੋ ਸਿਤਮ ਸਹਿਜ ਸਵੀਕਾਰ ਹੁੰਦਾ ਹੈ।

ਕੀ ਪੁਛਦੇ ਹੋ ਮੇਰੀਆਂ ਬਾਤਾਂ ਕਹਾਣੀਆਂ।
ਇੱਕ ਬਰਫ ਨੂੰ ਬੱਸ ਪੀ ਲਿਆ ਉਸਦੇ ਹੀ ਪਾਣੀਆਂ।
ਨੈਣਾਂ ਦੇ ਖਾਲੀ ਕੌਲ ਵਿੱਚ ਕੋਈ ਤਾਂ ਪਾ ਜਾ ਖ਼ੈਰ,
ਸੁਪਨਾ ਨਹੀਂ ਤਾਂ ਹੰਝ ਹੀ ਦੇ ਜਾ ਵੇ ਹਾਣੀਆਂ।

ਆਪਣੇ ਮਨ ਦੇ ਸੱਖਣੇ ਖ਼ੋਲ 'ਚ ਵਿਲਕ ਰਹੀ ਤਨਹਾਈ ਹਾਂ।
ਹਾਦਸਿਆਂ ਦੇ ਛੇਕ ਪੁਆ ਕੇ ਮੈਂ ਵੰਝਲੀ ਅਖਵਾਈ ਹਾਂ।

ਟੁੱਟੇ ਹੋਏ ਸੁਪਨਿਆਂ ਦਾ ਕੱਚ ਜਦ ਆਸ ਦੇ ਨੈਣੀਂ ਖ਼ੁਭਦਾ ਹੈ ਤਾਂ ਤਾਬੀਰਾਂ ਖਿੱਲਰ ਜਾਂਦੀਆਂ ਹਨ। ਕੱਚੇ ਮੁਕੱਦਰਾਂ ਦਾ ਘੜਾ ਜ਼ਿੰਦਗੀ ਦੀ ਝਨਾਂ ਦੀਆਂ ਛੱਲਾਂ ਨਾ ਸਹਾਰਦਾ ਹੋਇਆ ਖ਼ੁਰ ਜਾਂਦਾ ਹੈ, ਵਿਸ਼ਵਾਸ਼ ਤਿੜਕ ਜਾਂਦੇ ਹਨ,ਮੱਥੇ 'ਚ ਮਾਰੂਸਥਲ ਪਸਰ ਜਾਂਦਾ ਹੈ ਅਤੇ ਅੱਖਾਂ 'ਚ ਥੋਹਰਾਂ ਉੱਗ ਆਉਂਦੀਆਂ ਹਨ। ਰੰਗ ਤੇ ਰੌਸ਼ਨੀ ਸਭ ਖੋਟੇ ਸਿੱਕੇ ਜਾਪਦੇ ਹਨ। ਕੁਝ ਸ਼ੇਅਰ ਦੇਖ਼ਣਾ....

ਪਾਗਲ ਤਿੱਤਲੀ ਫੁੱਲਾਂ ਤੋਂ ਇੱਕ ਵਿੱਥ ਬਣਾ ਕੇ ਉਡਦੀ ਹੈ
ਸ਼ਾਇਦ ਰੰਗਾਂ ਹੱਥੋਂ ਉਸਦਾ ਟੁੱਟਿਆ ਏ ਵਿਸ਼ਵਾਸ਼ ਕਿਤੇ।

ਕੁਝ ਕੱਚ ਸੀ ਟੁੱਟੇ ਖ਼ਾਬਾਂ ਦੇ
ਕੁਝ ਟੋਟੇ ਸਨ ਤਾਬੀਰਾਂ ਦੇ,

ਇਹ ਖੋਟੇ ਸਿੱਕੇ ਲੈ ਕੇ ਕਿਉਂ
ਮੈਂ ਖ਼ੁਸ਼ੀਆਂ ਦੇ ਬਜ਼ਾਰ ਗਈ ।

ਸਿਮਰਨਜੋਤ ਦੀ ਸ਼ਾਇਰੀ ਸਿਰਫ ਉਸਦੀ ਨਿੱਜੀ ਵੇਦਨਾ ਜਾਂ ਸਵੈ ਪੀੜਾ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਸਰੋਕਾਰਾਂ ਨਾਲ ਵੀ ਸਿੱਝਦੀ ਹੈ। ਉਸਦੀ ਸੋਚ ਅਗਾਂਹਵੱਧੂ ਤੇ ਮਾਨਵ ਹਿਤੈਸ਼ੀ ਹੈ, ਇਸ ਗੱਲ ਦਾ ਪ੍ਰਮਾਣ ਉਦੋਂ ਮਿਲਦਾ ਹੈ ਜਦ ਉਹ ਭਰੂਣ ਹੱਤਿਆ ਵਰਗੀ ਸਮਾਜਿਕ ਲਾਹਨਤ ਨੂੰ ਮੁਖਾਤਿਬ ਹੁੰਦੀ ਹੈ। ਸ਼ੇਅਰ ਦੇਖਣਾ....

ਕੁੱਖਾਂ ਦੀਆਂ ਕਬਰਾਂ 'ਚ ਕੁੰਜਾਂ ਦਬਾਉਣ ਵਾਲੇ,
ਰੋਵਣਗੇ ਬਾਜ਼ ਇੱਕ ਦਿਨ ਚਿੜੀਆਂ ਦੀ ਤੋਟ ਤੇ ।

ਇਹ ਗੱਲ ਕੋਈ ਲੁਕੀ ਛਿਪੀ ਨਹੀਂ ਕਿ ਸਾਡਾ ਪੰਜਾਬ ਇਹਨਾਂ ਸਮਿਆਂ 'ਚ ਸਭਿਆਚਾਰਕ ਗੰਧਲੇਪਣ ਦੀ ਚਪੇਟ 'ਚ ਬੁਰੀ ਤਰਾਂ ਫਸ ਚੁੱਕਾ ਹੈ। ਸਾਡਾ ਗੀਤ ਸੰਗੀਤ ਐਨਾਂ ਨੰਗਾ, ਉਕਸਾਊ ਤੇ ਨਿਮਨ ਪੱਧਰ ਦਾ ਹੋ ਗਿਆ ਹੈ ਕਿ ਇਸਦੇ ਅਸਰ ਆਉਣ ਵਾਲੀਆਂ ਪੀੜੀਆਂ ਤੇ ਸਪੱਸ਼ਟ ਦਿਖਾਈ ਦੇ ਰਹੇ ਹਨ। ਨੌਜਵਾਨ ਪੀੜੀ ਹਥਿਆਰਾਂ ਤੇ ਨਾਰਾਂ ਦੀ ਭਰਮਾਊ ਉਸਤੱਤ ਵਾਲੇ ਗੀਤਾਂ ਦੀਆਂ ਧੁਨਾਂ 'ਚ ਗੁਆਚ ਆਪਣੇ ਮਾਣ ਮੱਤੇ ਵਿਰਸੇ ਨੂੰ ਬੇਦਾਵਾ ਦੇ ਰਹੀ ਹੈ। ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਜਾਂ ਊਧਮ ਸਿੰਘ ਸੂਰਬੀਰਾਂ ਦੀ ਥਾਂ ਉਹਨਾਂ ਦੇ ਆਦਰਸ਼ ਇਹ ਗੰਦ ਬਕਣ ਵਾਲੇ ਕਲਾਕਾਰ ਹੋ ਨਿਬੜੇ ਹਨ। ਸਿਮਰਨਜੋਤ ਦੀ ਕਲਮ ਆਉਣ ਵਾਲੇ

ਸਮੇਂ ਦੀ ਕਿਵੇਂ ਪੇਸ਼ੀਨਗੋਈ ਕਰਦੀ ਹੈ, ਦੇਖਣਾ ਜ਼ਰਾ...

ਵਿਰਸੇ ਦੇ ਸਿਆੜਾਂ ਦੇ ਵਿੱਚ ਉਗਣਗੇ ਹਾਦਸੇ,
ਗੀਤਾਂ 'ਚ ਨਾ ਬੀਜੋ ਲਹੂ ਰਫ਼ਲਾਂ ਗੰਡਾਸੀਆਂ ।

ਸਿਮਰਨਜੋਤ ਦੀ ਸ਼ਾਇਰੀ ਵਾਚਦੇ ਹੋਏ ਇਹ ਗੱਲ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਸਕਦੀ ਹੈ ਕਿ ਕਵਿਤਰੀ ਦੀ ਸਿਰਜਾਣਤਮਿਕ ਪ੍ਰਤਿਭਾ, ਵਿਸ਼ਿਆਂ ਦੀ ਵੰਨ ਸੁਵੰਨਤਾ ਤੇ ਨਿਭਾਅ, ਸ਼ਬਦਾਂ ਦੀ ਸਰਲਤਾ ਤੇ ਸੰਜੋਅ ਉਸ ਨੂੰ ਇੱਕ ਵੱਖਰੇ ਮੁਹਾਂਦਰੇ ਦੀ ਲੇਖਿਕਾ ਬਣਾਉਂਦਾ ਹੈ ਭਾਵੇਂ ਕਿ ਇੱਕ ਦੋ ਗ਼ਜ਼ਲਾਂ ਵਿੱਚ ਬਹਿਰ ਦਾ ਨਿਭਾਅ ਗ਼ਜ਼ਲ ਦੇ ਪੁਰਾਤਨ ਨਿਯਮਾਂ ਅਨਸਾਰ ਸਹੀ ਨਹੀਂ ਹੋ ਸਕਿਆ।ਭਵਿੱਖ 'ਚ ਪੰਜਾਬੀ ਸਾਹਿੱਤ ਨੂੰ ਇਸ ਪ੍ਰਤਿਭਾਸ਼ੀਲ ਕਲਮ ਤੋਂ ਵਡੇਰੀਆਂ ਆਸਾਂ ਹਨ। ਜੀਵਨ ਰੌਅ 'ਚ ਆਸ ਧਰਵਾਸ ਤੇ ਵਿਸ਼ਵਾਸ਼ ਬਨਾਉਂਦੇ ਹੋਏ ਉਸਦੇ ਇੱਕ ਸ਼ੇਅਰ ਨਾਲ ਇਜਾਜ਼ਤ ਲੈਂਦਾ ਹਾਂ..

ਮੇਰੇ ਪੀੜਾਂ 'ਚ ਸੜਦੇ ਦਿੱਲ ਦਾ ਨਾ ਝੋਰਾ ਲਗਾ ਬੈਠੀਂ,
ਇਹ ਕੁਕਨੂਸ ਆਪਣੀ ਹੀ ਰਾਖ ਵਿੱਚੋਂ ਜਾਗ ਜਾਏਗਾ।

ਫ਼ਾਜ਼ਲ

ਸਰਬਜੀਤ ਸੋਹੀ, ਅਸਟ੍ਰੇਲੀਆ

ਅਸੀਂ ਤਾਂ ਫੁੱਲ ਅੱਕਾਂ ਦੇ, ਥਲਾਂ ਵਿੱਚ ਹਰ ਗਏ ਹੁੰਦੇ।
ਜੇ ਜੀਂਦੇ ਬਾਰਿਸ਼ਾਂ ਸਿਰ 'ਤੇ, ਕਦੋਂ ਦੇ ਮਰ ਗਏ ਹੁੰਦੇ।

ਰਹੀ ਖ਼ਸਲਤ ਜੁਦਾ ਸਾਡੀ, ਨਾ ਭਾਏ ਰੰਗ ਸ਼ਾਹੀ ਨੇ,
ਜੇ ਗਿਰਵੀ ਸੋਚ ਕਰ ਦਿੰਦੇ, ਖ਼ਜ਼ਾਨੇ ਭਰ ਗਏ ਹੁੰਦੇ।

ਸੁਨਾਮੀ ਚੀਰਕੇ ਮਿਲਦੇ, ਦਿਲਾਂ ਵਿੱਚ ਠਾਣ ਜੋ ਲੈਂਦੇ,
ਤਰਾਕੂ ਗੋਤਿਆਂ ਰੱਖਿਆ, ਨਹੀਂ ਤਾਂ ਖ਼ਰ ਗਏ ਹੁੰਦੇ।

ਹਨੇਰਾ ਮੌਤ ਦਾ ਗਹਿਰਾ, ਰਹੀ ਪਰ ਜੁਸਤਜੂ ਜ਼ਿੰਦਾ,
ਨਾ ਮਘਦੇ ਗੀਤ ਜੇ ਹੁੰਦੇ, ਕਿ ਜ਼ਜਬੇ ਠਰ ਗਏ ਹੁੰਦੇ।

ਕਥਾ ਤਾਂ ਜ਼ਿੰਦਗਾਨੀ ਦੀ, ਰਹੀ ਹੈ ਜਨਮ ਤੋਂ ਉਲਝੀ,
ਨਾ ਕਵਿਤਾ ਕੋਲ ਹੁੰਦੀ, ਖ਼ੁਦਕੁਸ਼ੀ ਹੀ ਕਰ ਗਏ ਹੁੰਦੇ।

ਬੁਲੰਦੀ ਸੋਚ ਨੂੰ ਬਖਸ਼ੀ, ਸਦਾ ਹੀ ਅਟਕਲਾਂ ਨੇ ਹੈ,
ਲੜਾਕੂ ਹਾਲਤਾਂ ਰੱਖਿਆ, ਨਹੀਂ ਤਾਂ ਡਰ ਗਏ ਹੁੰਦੇ।

ਲਹੂ ਦੀ ਬੂੰਦ ਇਕ ਤਾਜ਼ੀ, ਨਾ ਲੰਘੀ ਹੀ ਗਈ ਸਾਥੋਂ,
ਕਵੀ ਹੈ ਵਿਲਕਦਾ ਅੰਦਰ, ਨਹੀਂ ਤਾਂ ਘਰ ਗਏ ਹੁੰਦੇ।

ਇੱਕ ਕੁੰਡਲ ਧਾਰੀ ਜੋਗੜਾ

ਉਸ ਘੋਰੀ ਜੂੜਾ ਬਾਲਿਆ
ਕਬਰਾਂ ਥੀਂ ਡੇਰਾ ਲਾ ।
ਉਹਦੇ ਲਟ ਲਟ ਕਰਦੇ ਬੋਦੜੇ
ਤੇ ਜੁਲਫ਼ੀਂ ਚੜ੍ਹਿਆ ਚਾਅ ।

ਓਹਦੀ ਹਿੱਕ ਨੂੰ ਡੰਗਣ ਭੱਖੜੇ
ਉਹ ਨੱਚੇ ਘੁੰਗਰ ਪਾ ।
ਬਦਨ 'ਤੇ ਅਜਗਰ ਮੇਲ੍ਹਦੇ
ਰੰਗ ਚੰਮ ਦਾ ਕਾਲ ਸਿਆਹ ।

ਉਹਦੇ ਨੈਣੀਂ ਵਿਗਸਣ ਚੌਂਤਰੇ
ਉਹ ਘੁੰਮੇ ਵਾਂਗ ਧਰਾ ।
ਚੜ੍ਹ ਅੰਬਰ ਧੂੜਾਂ ਮਸਤੀਆਂ
ਹਾਏ ਅੱਡੀ ਠੋਕ ਰਿਹਾ ।

ਆਖੇ ਖ਼ੁਦ ਨੂੰ ਭੋਲੜਾ
ਗਲ਼ ਸਰਪ ਕੌਡੀਆ ਚਾਅ ।
ਓਹਦੇ ਡੌਲੀਂ ਬੰਨ੍ਹੇ ਰੁੱਦਰੇ
ਲੱਕ ਸ਼ੇਰ ਦੀ ਖੱਲ ਬਨ੍ਹਾ ।

ਮੱਥੇ ਚੰਦਨ ਮਹਿਕਦਾ
ਸੇਲ੍ਹੀ ਜਿਉਂ ਘੋਰ ਘਟਾ ।
ਵਿਚਾਲੇ ਝੋਂਪੜ ਅੱਗ ਦੀ
ਖ਼ੁਸ਼ ਪਿੰਡੇ ਭਸਮ ਰਮਾ ।

ਸਿਰੀਂ ਟਿਕਾ ਚੰਨ ਦੂਜੜਾ
ਲਈ ਦੇਵਨਦੀ ਭਰਮਾ ।
ਕੁੱਲ ਖਲਕਤ ਅਨਹਦ ਨਾਦ ਹੋਏ
ਜਦ ਬਹਿੰਦਾ ਧਿਆਨ ਲਗਾ ।

ਓਹਦੇ ਸਾਹਾਂ ਵਿੱਚ ਕਸਤੂਰੀਆਂ
ਹਰ ਧੜਕਨ ਨਾਦ ਅਦਾ ।
'ਵਾਵਾਂ ਹੋ ਲਟਬੌਰੀਆਂ
ਕੀ ਬੋਲਣ ਤੇ ਕੀ ਨਾ ?

ਉਹਦੀ ਸਾਦ ਮੁਰਾਦੀ ਤੱਕਣੀ
ਮੇਰਾ ਲੂੰ ਲੂੰ ਛਿੱਲ ਲਿਆ ।
ਇੱਕ ਕੰਡਲ ਧਾਰੀ ਜੋਗੜਾ
ਮਾਂ ਮੈਨੂੰ ਕੀਲ ਗਿਆ ...

— ਨਿਵੇਦਿਤਾ ਸ਼ਰਮਾ

ਪਾਣੀ ਕੋਈ ਤੱਤ ਹੈ ਜਾਂ ਰਹੱਸ ? — ਸ਼ਮੀਲ

ਜਪਾਨੀ ਵਿਗਿਆਨੀ ਮਸਾਰੂ ਇਮੋਤੋ ਨੇ ਆਪਣੇ ਪ੍ਰਯੋਗਾਂ ਦੁਆਰਾ ਪਾਣੀ ਦੇ ਅਜਿਹੇ ਪੱਖ ਸਾਹਮਣੇ ਲਿਆਂਦੇ, ਜਿਸ ਨੇ ਦੁਨੀਆ 'ਚ ਪਾਣੀ ਬਾਰੇ ਇੱਕ ਨਵੀਂ ਦ੍ਰਿਸ਼ਟੀ ਨੂੰ ਜਨਮ ਦਿੱਤਾ। ਉਸਦੇ ਪ੍ਰਯੋਗਾਂ ਬਾਰੇ ਉਸ ਦੀ ਕਿਤਾਬ ਜਪਾਨੀ ਭਾਸ਼ਾ ਵਿੱਚ ਪਹਿਲੀ ਵਾਰ 2001 ਵਿੱਚ ਛਪੀ ਸੀ ਅਤੇ 2004 ਵਿੱਚ ਉਸ ਦਾ ਅੰਗਰੇਜ਼ੀ ਐਡੀਸ਼ਨ ਛਪਿਆ। ਅੰਗਰੇਜ਼ੀ ਐਡੀਸ਼ਨ ਦੇ ਪ੍ਰਕਾਸ਼ਨ ਤੋਂ ਬਾਅਦ ਉਸਦੇ ਪ੍ਰਯੋਗਾਂ ਨੇ ਸਾਰੀ ਦੁਨੀਆ ਦਾ ਧਿਆਨ ਖਿੱਚਿਆ ਅਤੇ ਉਸ ਦੀ ਕਿਤਾਬ 'ਹਿਡਨ ਮੈਸੇਜਜ਼ ਇਨ ਦਾ ਵਾਟਰ' ਨੇ ਪਾਣੀ ਬਾਰੇ ਸਾਡੀ ਸੋਚ ਨੂੰ ਬਿਲਕੁਲ ਹੀ ਬਦਲ ਦਿੱਤਾ ਹੈ ਜਾਂ ਕਹਿ ਸਕਦੇ ਹਾਂ ਕਿ ਇੱਕ ਨਵੀਂ ਦ੍ਰਿਸ਼ਟੀ ਦਿੱਤੀ ਹੈ।

ਸਾਡੇ ਪਰਾਤਨ ਸਭਿਆਚਾਰ ਅਤੇ ਸਾਹਿਤ ਵਿੱਚ ਵੀ ਪਾਣੀ ਆਦਿ ਸਾਰੇ ਕੁਦਰਤੀ ਸਰੋਤਾਂ ਪ੍ਰਤੀ ਲਗਾਤਾਰ ਇੱਕ ਸਤਿਕਾਰ ਤੇ ਪਵਿਤਰਤਾ ਵਾਲੀ ਸੋਚ ਮੌਜੂਦ ਰਹੀ ਹੈ। ਪੁਰਾਣੇ ਪੰਜਾਬੀ ਜੀਵਨ ਵਿੱਚ ਖੂਹ ਹਮੇਸ਼ਾ ਖੁਆਜਾ ਦੇਵਤਾ ਦੇ ਰੂਪ ਵਿੱਚ ਸਤਿਕਾਰ ਦੇ ਪਾਤਰ ਰਹੇ ਹਨ ਅਤੇ ਤਿੱਥ ਤਿਉਹਾਰ ਮੌਕੇ ਖੂਹਾਂ ਤੇ ਦੀਵੇ ਜਗਾਏ ਜਾਂਦੇ ਸਨ। ਜਦ ਨਲਕੇ ਲੱਗ ਗਏ ਤਾਂ ਲੋਕਾਂ ਨੇ ਨਲਕਿਆਂ ਅੱਗੇ ਵੀ ਦਿਵਾਲੀ ਆਦਿ ਮੌਕਿਆਂ ਤੇ ਦੀਵੇ ਰੱਖਣੇ ਸ਼ੁਰ ਕਰ ਦਿੱਤੇ। ਪਰ ਆਧੁਨਿਕ ਜੀਵਨ ਵਿੱਚ ਇਹ ਸੋਚ ਬਦਲ ਗਈ। ਇਸੇ ਤਰਾਂ ਸਾਡੀਆਂ ਧਾਰਮਿਕ ਪਰੰਪਰਾਵਾਂ ਵਿੱਚ ਵੀ ਪਾਣੀ ਨੂੰ ਇੱਕ ਪਵਿੱਤਰ ਪਦਾਰਥ ਮੰਨਿਆ ਜਾਂਦਾ ਹੈ ਅਤੇ ਬਹੁਤ ਸਾਰੀਆਂ ਧਾਰਮਿਕ ਰਸਮਾਂ ਵਿੱਚ ਪਾਣੀ ਦੀ ਵਰਤੋਂ ਵਿਸ਼ੇਸ਼ ਤੌਰ ਤੇ ਕੀਤੀ ਜਾਂਦੀ ਹੈ। ਤੀਰਥਾਂ ਜਾਂ ਪਵਿੱਤਰ ਸਰੋਵਰਾਂ ਵਿੱਚ ਇਸ਼ਨਾਨ ਸਾਡੀਆਂ ਧਾਰਮਿਕ ਪਰੰਪਰਾਵਾਂ ਵਿੱਚ ਇੱਕ ਵਿਸ਼ੇਸ਼ ਪ੍ਰਥਾ ਰਹੀ ਹੈ।

ਪਾਣੀ ਦੇ ਸਬੰਧ ਵਿੱਚ ਗੁਰਬਾਣੀ ਦੀ ਇੱਕ ਸਤਰ ਦਾ ਅਕਸਰ ਹਵਾਲਾ ਦਿੱਤਾ ਜਾਂਦਾ ਹੈ: ਪਹਿਲਾ ਪਾਣੀ ਜੀਓ ਹੈ ਜਿਤੁ ਹਰਿਆ ਸਭਿ ਕੋਇ। ਗੁਰਬਾਣੀ ਵਿੱਚੋਂ ਪਾਣੀ ਬਾਰੇ ਇਸ ਤਰਾਂ ਦੇ ਹੋਰ ਹਵਾਲੇ ਵੀ ਮਿਲ ਜਾਂਦੇ ਹਨ। ਹੋਰ ਧਾਰਮਿਕ ਗ੍ਰੰਥਾਂ ਅੰਦਰ ਵੀ ਪਾਣੀ ਸਬੰਧੀ ਇਸ ਤਰਾਂ ਦੀਆਂ ਟਿਪਣੀਆਂ ਜਾਂ ਹਵਾਲੇ ਮਿਲ ਜਾਣਗੇ। ਕਹਿਣ ਦਾ ਮਤਲਬ ਹੈ ਕਿ ਪਾਣੀ ਇਨਸਾਨੀ ਸਭਿਅਤਾ ਵਿੱਚ ਮਢ ਤੋਂ ਹੀ ਬੇਹੱਦ ਸਤਿਕਾਰ ਦਾ ਪਾਤਰ ਰਿਹਾ ਹੈ ਅਤੇ ਇਸ ਨਾਲ ਪਵਿੱਤਰਤਾ ਦਾ ਖਿਆਲ ਜੁੜਿਆ ਰਿਹਾ ਹੈ।

ਆਧੁਨਿਕ ਯੁਗ ਵਿੱਚ ਜਦੋਂ ਭੋਤਿਕਵਾਦੀ ਦ੍ਰਿਸ਼ਟੀ ਦਾ ਜੋਰ ਹੋ ਗਿਆ ਤਾਂ ਪਾਣੀ ਨਾਲ ਜੁੜਿਆ ਪਵਿੱਤਰਤਾ ਦਾ ਖਿਆਲ ਪਿਛੇ ਪੈ ਗਿਆ। ਪਾਣੀ ਪ੍ਰਤੀ ਸਾਡੀ ਦ੍ਰਿਸ਼ਟੀ ਨਿਰੋਲ ਪਦਾਰਥਕ ਅਤੇ ਉਪਯੋਗਤਾਵਾਦੀ ਹੋ ਗਈ।

ਮਸਾਰੂ ਇਮੋਤੋ ਦੀ ਇਸ ਮਾਮਲੇ ਵਿੱਚ ਇਹ ਇਤਿਹਾਸਕ ਦੇਣ ਰਹੇਗੀ ਕਿ ਉਸ ਨੇ ਪਹਿਲੀ ਵਾਰ ਵਿਗਿਆਨਕ ਤਰੀਕੇ ਨਾਲ ਅਤੇ ਵਿਗਿਆਨਕ ਸਬੂਤਾਂ ਸਮੇਤ ਪਾਣੀ ਦੇ ਅਜਿਹੇ ਪਹਿਲੂ ਉਜਾਗਰ ਕੀਤੇ ਹਨ, ਜਿਨ੍ਹਾਂ ਨੇ ਨਾ ਸਿਰਫ ਪਾਣੀ ਸਬੰਧੀ ਸਾਡੀ ਮੌਜੂਦਾ ਸੋਚ ਨੂੰ ਨਵੀਂ ਦਿਸ਼ਾ ਦਿੱਤੀ ਹੈ, ਬਲਕਿ ਜਿਸ ਦਾ ਮਨੁਖੀ ਸਭਿਅਤਾ ਦੇ ਆਉਣ ਵਾਲੇ ਜੀਵਨ ਤੇ ਵੀ ਬਹੁਤ ਵੱਡਾ ਅਸਰ ਪਵੇਗਾ। ਇਮੋਤੋ ਬਦਲਵੀਆਂ ਇਲਾਜ ਪੱਧਤੀਆਂ ਦਾ ਡਾਕਟਰ ਹੈ ਅਤੇ ਉਸ ਦੀ ਜੀਵਨ ਦੇ ਮੂਲ ਸੁਆਲਾਂ ਵਿੱਚ ਵੀ ਖਾਸ ਦਿਲਚਸਪੀ ਰਹੀ ਹੈ। ਇਨਸਾਨੀ ਜੀਵਨ ਨੂੰ ਸਮਝਣ ਦੇ ਚੱਕਰ ਵਿੱਚ ਹੀ ਉਸ ਦੀ ਦਿਲਚਸਪੀ ਪਾਣੀ ਦੀ ਪ੍ਰਕਿਰਤੀ ਜਾਣਨ ਵੱਲ ਮੁੜ ਗਈ। ਇਸ ਦਾ ਕਾਰਨ ਉਸ ਦੇ ਮਨ ਵਿੱਚ ਚੱਲ ਰਹੇ ਕੁੱਝ ਸੁਆਲ ਸਨ। ਉਸ ਨੇ ਇਹ ਮਹਿਸੂਸ ਕੀਤਾ ਕਿ ਹਰ

ਇਨਸਾਨ ਦੇ ਸਰੀਰ ਵਿੱਚ 70 ਫੀਸਦੀ ਪਾਣੀ ਹੈ। ਔਰਤ ਦੇ ਗਰਭ ਵਿੱਚ ਭਰੂਣ ਦੇ ਰੂਪ ਵਿੱਚ ਜਦ ਜੀਵਨ ਦਾ ਅਰੰਭ ਹੁੰਦਾ ਹੈ ਤਾਂ ਉਸ ਵੇਲੇ ਇਨਸਾਨ ਵਿੱਚ 99 ਫੀਸਦੀ ਪਾਣੀ ਹੁੰਦਾ ਹੈ। ਜਨਮ ਵੇਲੇ ਇਨਸਾਨ ਦੇ ਜੀਵਨ ਵਿੱਚ 90 ਫੀਸਦੀ ਪਾਣੀ ਹੁੰਦਾ ਹੈ ਅਤੇ ਜਦੋਂ ਇਨਸਾਨ ਵੱਡਾ ਹੁੰਦਾ ਹੈ ਤਾਂ ਇਹ ਮਾਤਰ 70 ਫੀਸਦੀ ਤੱਕ ਰਹਿ ਜਾਂਦੀ ਹੈ। ਇਨ੍ਹਾਂ ਤੱਥਾਂ ਨੇ ਇਮੋਤੋ ਦੇ ਮਨ ਵਿੱਚ ਇਹ ਖਿਆਲ ਪੈਦਾ ਕੀਤਾ ਕਿ ਜਿਹੜਾ ਤੱਤ ਇਨਸਾਨੀ ਜੀਵਨ ਦਾ ਐਨਾ ਵੱਡਾ ਹਿੱਸਾ ਮੱਲੀਂ ਬੈਠਾ ਹੈ, ਉਸ ਨੂੰ ਸਮਝੇ ਬਗੈਰ ਸ਼ਾਇਦ ਇਨਸਾਨੀ ਜੀਵਨ ਵੀ ਪੂਰਾ ਨਹੀ ਸਮਝਿਆ ਜਾ ਸਕਦਾ।

ਕੁੱਝ ਦੇਰ ਦੀ ਸੋਚ ਵਿਚਾਰ ਤੋਂ ਬਾਅਦ ਇੱਕ ਦਿਨ ਮਸਾਰੂ ਇਮੋਤੋ ਇਸ ਗੱਲ ਵਿੱਚ ਕਾਮਯਾਬ ਹੋ ਗਿਆ ਕਿ ਉਹ ਤੇਜ਼ ਗਤੀ ਤੇ ਕੰਮ ਕਰਨ ਵਾਲੇ ਕੈਮਰਿਆਂ ਦੀ ਮਦਦ ਨਾਲ ਜੰਮੇ ਹੋਏ ਪਾਣੀ ਦੇ ਕ੍ਰਿਸਟਲਜ਼ ਦੀਆਂ ਫੋਟੋਆਂ ਖਿੱਚ ਸਕੇ। ਪਾਣੀ ਦੀਆਂ ਅਜਿਹੀਆਂ ਫੋਟੋਆਂ ਖਿੱਚ ਸਕਣਾ ਇੱਕ ਅਦਭੁਤ ਖੋਜ ਸੀ। ਇਸ ਨੇ ਉਸ ਲਈ ਇੱਕ ਨਵਾਂ ਦੁਆਰ ਖੋਲ੍ਹ ਦਿੱਤਾ। ਇਹ ਦੁਆਰ ਖੁਲ੍ਹਣ ਤੋਂ ਬਾਅਦ ਗਿਆਨ ਦਾ ਜੋ ਖਜ਼ਾਨਾ ਉਸ ਦੇ ਹੱਥ ਆਇਆ, ਉਹ ਚਮਤਕਾਰੀ ਸੀ। ਉਸ ਨੇ ਇਹ ਨੋਟ ਕੀਤਾ ਕਿ ਸਾਰੀਆਂ ਫੋਟੋਆਂ ਇੱਕੋ ਜਿਹੀਆਂ ਨਹੀਂ ਹਨ। ਕੁੱਝ ਕ੍ਰਿਸਟਲਜ਼ ਦੀਆਂ ਫੋਟੋਆਂ ਤਾਂ ਬਹੁਤ ਹੀ ਖੂਬਸੂਰਤ ਸਨ ਅਤੇ ਦੇਖਣ ਵਿੱਚ ਇਸ ਤਰਾਂ ਲੱਗ ਰਹੀਆਂ ਸਨ ਜਿਵੇਂ ਕੋ ਈ ਬਹੁਤ ਹੀ ਸੁੰਦਰ ਗਹਿਣਾ ਹੋਵੇ। ਕੁੱਝ ਫੋਟੋਆਂ ਵਿੱਚ ਇਹ ਅਕਾਰ ਟੁੱਟੇ ਭੱਜੇ ਸਨ। ਇਸੇ ਨੇ ਉਸ ਨੂੰ ਖੋਜ ਦਾ ਅਗਲਾ ਰਾਹ ਦਿਖਾਇਆ। ਫੇਰ ਉਹ ਇਹ ਸਮਝਣ ਦੇ ਰਾਹ ਪੈ ਗਿਆ ਕਿ ਕਿਹੜੇ ਪਾਣੀ ਦੇ ਕ੍ਰਿਸਟਲਜ਼ ਦੀਆਂ ਤਸਵੀਰਾਂ ਸਾਫ, ਸੁੰਦਰ ਅਤੇ ਕਮਾਲ ਦੇ ਅਨੁਪਾਤ ਵਾਲੀਆਂ

ਹਨ ਅਤੇ ਕਿਹੜੇ ਦੀਆਂ ਵਿਗਾੜੀਆਂ ਤਿਗਾੜੀਆਂ ਹਨ।

ਇਸੇ ਖੋਜ ਨੂੰ ਅੱਗੇ ਵਧਾਉਂਦਿਆਂ ਫੇਰ ਉਸ ਨੇ ਕਈ ਤਰਾਂ ਦੇ ਪ੍ਰਯੋਗ ਕੀਤੇ। ਉਸ ਨੇ ਦੇਖਿਆ ਕਿ ਪਾਣੀ ਵੱਖ ਵੱਖ ਤਰਾਂ ਦੇ ਭਾਵਾਂ, ਵਿਚਾਰਾਂ, ਥਾਵਾਂ ਤੇ ਵਾਤਾਵਰਣ ਪ੍ਰਤੀ ਬੇਹੱਦ ਸੰਵੇਦਨਸ਼ੀਲ ਹੈ ਅਤੇ ਉਸ ਦੇ ਕ੍ਰਿਸਟਲਜ਼ ਦੀਆਂ ਆਕ੍ਰਿਤੀਆਂ ਤੋਂ ਇਹ ਪ੍ਰਤੱਖ ਦੇਖਿਆ ਜਾ ਸੱਕਦਾ ਹੈ। ਮਿਸਾਲ ਦੇ ਤੌਰ ਤੇ ਉਸ ਨੇ ਦੇਖਿਆ ਕਿ ਜੇ ਪ੍ਰਯੋਗ ਤੋਂ ਪਹਿਲਾਂ ਪਾਣੀ ਦੇ ਗਿਲਾਸ ਅੱਗੇ ਕਿਹਾ ਜਾਵੇ ਕਿ ਮੈਂ ਤੈਨੂੰ ਪਿਆਰ ਕਰਦਾ ਹਾਂ ਤਾਂ ਉਸ ਦੇ ਕ੍ਰਿਸ਼ਟਲਜ਼ ਫੁਲਾਂ ਦੀ ਤਰਾਂ ਖਿੜ ਜਾਂਦੇ ਹਨ। ਜੇ ਕਿਹਾ ਜਾਵੇ ਕਿ ਮੈਂ ਤੈਨੂੰ ਨਫਰਤ ਕਰਦਾ ਹਾਂ ਤਾਂ ਇਹੀ ਕ੍ਰਿਸਟਲਜ਼ ਮੁਰਝਾਏ ਤੇ ਬਦਸ਼ਕਲ ਲੱਗਦੇ ਹਨ। ਇਸੇ ਤਰਾਂ ਜੇ ਫੋਟੋਆਂ ਖਿੱਚਣ ਤੋਂ ਪਹਿਲਾਂ ਪਾਣੀ ਦੇ ਨੇੜੇ ਹੱਲਕਾ ਅਤੇ ਰੂਹ ਨੂੰ ਸਕੂਨ ਦੇਣ ਵਾਲਾ ਰੂਹਾਨੀ ਸੰਗੀਤ ਚਲਾਇਆ ਜਾਵੇ ਤਾਂ ਉਸ ਦੇ ਕ੍ਰਿਸ਼ਟਲਜ਼ ਬਹੁਤ ਸਾਫ ਤੇ ਸੁੰਦਰ ਲੱਗਦੇ ਹਨ ਅਤੇ ਜੇ ਪਾਣੀ ਨੇੜੇ ਕੰਨ ਪਾੜਵਾਂ ਤੇ ਸ਼ੋਰੀਲਾ ਸੰਗੀਤ ਚਲਾਇਆ ਜਾਵੇ ਤਾਂ ਕ੍ਰਿਸਟਲਜ਼ ਬਦਸ਼ਕਲ ਹੋ ਜਾਂਦੇ ਹਨ। ਉਨ੍ਹਾਂ ਇੱਕ ਹੋਰ ਪ੍ਰਯੋਗ ਕੀਤਾ। ਉਨ੍ਹਾਂ ਪਾਣੀ ਦੇ ਦੋ ਗਿਲਾਸ ਲੈ ਲਏ। ਇੱਕ 'ਤੇ ਪਰਚੀ ਲਾਈ, ਜਿਸ 'ਤੇ ਖੁਦਾ ਲਿਖਿਆ ਸੀ ਅਤੇ ਦੂਜੀ 'ਤੇ ਪਰਚੀ ਲਾਈ ਜਿਸ 'ਤੇ ਸ਼ੈਤਾਨ ਲਿਖਿਆ ਸੀ। ਫੇਰ ਇਨ੍ਹਾਂ ਦੇ ਕ੍ਰਿਸਟਲਜ਼ ਦੀਆਂ ਫੋਟੋਆਂ ਲਈਆਂ ਗਈਆਂ। ਜਿਸ ਗਿਲਾਸ ਦੇ ਖੁਦਾ ਲਿਖਿਆ ਸੀ, ਉਸ ਦੇ ਕ੍ਰਿਸਟਲ਼ਜ਼ ਬਹੁਤ ਸਾਫ ਤੇ ਸੁੰਦਰ ਸਨ ਅਤੇ ਜਿਸ ਤੇ ਸ਼ੈਤਾਨ ਲਿਖਿਆ ਸੀ, ਉਸ ਦੇ ਕ੍ਰਿਸਟਲਜ਼ ਬਦਸ਼ਕਲ ਲੱਗਦੇ ਸਨ। ਇਸ ਤੋਂ ਇਲਾਵਾ ਦੇਖਿਆ ਗਿਆ ਕਿ ਘਰਾਂ ਵਿੱਚ ਆਉਂਦੇ ਟੂਟੀ ਵਾਲੇ ਪਾਣੀ ਅਤੇ ਬੰਦ ਬੋਤਲਾਂ ਵਾਲੇ ਪਾਣੀ ਦੇ ਕ੍ਰਿਸਟਲਜ਼ ਮੁਰਝਾਏ ਜਿਹੇ ਅਤੇ ਬਦਸ਼ਕਲ ਸਨ ਤੇ ਕੁਦਰਤੀ ਝਰਨਿਆਂ ਦੇ ਪਾਣੀ ਦੇ ਕ੍ਰਿਸਟਲਜ਼ ਸਾਫ਼

ਤੇ ਸੁੰਦਰ ਸਨ।

ਉਸ ਨੇ ਇਹ ਸਾਰੀਆਂ ਫੋਟੋਆਂ ਖਿੱਚੀਆਂ ਤੇ ਇਨ੍ਹਾਂ ਦੀਆਂ ਸਲਾਈਡਾਂ ਬਣਾਈਆਂ। ਆਪਣੀਆਂ ਇਨ੍ਹਾਂ ਹੀ ਖੋਜਾਂ ਦੇ ਅਧਾਰ ਤੇ ਫੇਰ ਉਸ ਨੇ ਕਿਤਾਬਾਂ ਵੀ ਛਪਵਾਈਆਂ। ਮਸ਼ਾਰੂ ਦੇ ਇਨ੍ਹਾਂ ਪ੍ਰਯੋਗਾਂ ਨੇ ਪ੍ਰਤੱਖ ਕਰ ਦਿੱਤਾ ਕਿ ਪਾਣੀ ਇੱਕ ਬੇਹੱਦ ਸੰਵੇਦਨਸ਼ੀਲ ਤੇ ਰਹੱਸਮਈ ਤੱਤ ਹੈ। ਇਹ ਹਰ ਤਰਾਂ ਦੇ ਮਾਨਸਿਕ ਪ੍ਰਭਾਵਾਂ ਨੂੰ ਆਪਣੇ ਵਿੱਚ ਦਰਜ ਕਰਨ ਦੇ ਸਮਰੱਥ ਹੈ। ਇਨ੍ਹਾਂ ਪ੍ਰਭਾਵਾਂ ਕਰਕੇ ਹੀ ਸਾਰਾ ਪਾਣੀ ਇੱਕ ਨਹੀਂ ਹੈ। ਮਸਾਰੂ ਦੀਆਂ ਇਨ੍ਹਾਂ ਖੋਜਾਂ ਦੇ ਅਧਾਰ ਤੇ ਅਸੀਂ ਇਹ ਗੱਲ ਕਹਿ ਸਕਦੇ ਹਾਂ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦਾ ਪਾਣੀ ਜਾਂ ਗੰਗਾ ਦਾ ਪਾਣੀ ਆਮ ਪਾਣੀ ਨਹੀਂ ਹੈ। ਇਹ ਭਾਖੜਾ ਨਹਿਰ ਦੇ ਪਾਣੀ ਜਾਂ ਕਿਸੇ ਵੀ ਹੋਰ ਆਮ ਸਰੋਤ ਦੇ ਪਾਣੀ ਨਾਲੋਂ ਬੁਨਿਆਦੀ ਤੌਰ ਤੇ ਵੱਖਰਾ ਹੈ। ਅਖੰਡ ਪਾਠ ਵੇਲੇ ਕੁੰਭ ਰੱਖਿਆ ਜਾਂਦਾ ਹੈ, ਜਿਸ ਨੂੰ ਕੁੱਝ ਜ਼ਿਆਦਾ ਪੜ੍ਹੇ ਲਿਖੇ ਲੋਕਾਂ ਨੇ ਵਹਿਮ ਭਰਮ ਕਹਿਕੇ ਅੱਜਕਲ੍ਹ ਬੰਦ ਕਰ ਦਿੱਤਾ ਹੈ। ਮਸਾਰੂ ਦੀਆਂ ਖੋਜਾਂ ਦੀ ਰੌਸ਼ਨੀ ਵਿੱਚ ਅਸੀਂ ਸਮਝ ਸਕਦੇ ਹਾਂ ਕਿ ਜਿਸ ਪਾਣੀ ਦੁਆਲੇ ਲਗਾਤਾਰ 48 ਘੰਟੇ ਗੁਰਬਾਣੀ ਪਾਠ ਹੁੰਦਾ ਰਹੇਗਾ, ਉਸ ਪਾਣੀ ਦੀ ਪ੍ਰਕਿਰਤੀ ਵੱਖਰੀ ਹੋਵੇਗੀ। ਇਹ ਨਿਰਾਪੁਰਾ ਵਹਿਮ ਨਹੀਂ ਸੀ

ਇਸੇ ਗੱਲ ਨੂੰ ਇੱਕ ਹੋਰ ਨਜ਼ਰੀਏ ਨਾਲ ਵੀ ਦੇਖਿਆ ਜਾ ਸਕਦਾ ਹੈ। ਸਾਡੇ ਸਰੀਰ ਵਿੱਚ ਕਿਉਂਕਿ 70 ਫੀਸਦੀ ਤੱਕ ਪਾਣੀ ਹੁੰਦਾ ਹੈ ਅਤੇ ਸਾਡੇ ਖਾਣੇ ਵਿੱਚ ਵੀ ਪਾਣੀ ਦੀ ਚੋਖੀ ਮਾਤਰਾ ਹੁੰਦੀ ਹੈ, ਇਸ ਕਰਕੇ ਇਹ ਗ਼ੱਲ ਵੀ ਅਸਾਨੀ ਨਾਲ ਸਮਝੀ ਜਾ ਸਕਦੀ ਹੈ ਕਿ ਅਸੀਂ ਖੁਦ ਵੀ ਬਾਹਰ ਦੇ ਸੂਖਮ ਮਾਨਸਿਕ ਪ੍ਰਭਾਵਾਂ ਪ੍ਰਤੀ ਬਹੁਤ ਸੰਵੇਦਨਸ਼ੀਲ ਹਾਂ। ਚੰਗੀਆਂ ਥਾਵਾਂ ਅਤੇ ਚੰਗੇ ਲੋਕਾਂ ਦੀ ਸੰਗਤ ਸਾਡੇ ਤੇ ਜੋ ਪ੍ਰਭਾਵ

ਪਾਉਂਦੀ ਹੈ, ਬੁਰੀਆਂ ਥਾਵਾਂ ਤੇ ਬੁਰੀ ਸੰਗਤ ਉਸ ਦੇ ਬਿਲਕੁਲ ਉਲਟ ਅਸਰ ਛੱਡਦੀ ਹੈ। ਇਸੇ ਅਧਾਰ 'ਤੇ ਅਸੀਂ ਇਹ ਵੀ ਸਮਝ ਸਕਦੇ ਹਾਂ ਕਿ ਪਿਆਰ ਨਾਲ ਘਰ ਵਿੱਚ ਬਣਾਏ ਗਏ ਖਾਣੇ, ਸ਼ਰਧਾ ਨਾਲ ਬਣਾਏ ਗਏ ਲੰਗਰ ਦੇ ਖਾਣੇ ਅਤੇ ਬਿਨਾਂ ਕਿਸੇ ਭਾਵ ਦੇ ਬਣਾਏ ਗਏ ਹੋਟਲਾਂ ਦੇ ਖਾਣੇ ਦੀ ਪ੍ਰਕਿਰਤੀ ਕਿਵੇਂ ਵੱਖਰੀ ਹੁੰਦੀ ਹੈ। ਭਾਈ ਹਰਿਭਜਨ ਸਿੰਘ ਯੋਗੀ ਜੀ ਕਿਹਾ ਕਰਦੇ ਸਨ ਕਿ ਇਸ ਗੱਲ ਦਾ ਖਾਣੇ ਦੀ ਤਾਸੀਰ 'ਤੇ ਬਹੁਤ ਫ਼ਰਕ ਪੈਂਦਾ ਹੈ ਕਿ ਖਾਣਾ ਕਿਸ ਤਰਾਂ ਦੇ ਭਾਵਾਂ ਨਾਲ ਬਣਾਇਆ ਗਿਆ ਹੈ। ਇਹ ਸਾਰੀਆਂ ਗੱਲਾਂ ਮਸਾਰੂ ਦੀਆਂ ਪਾਣੀ ਬਾਰੇ ਖੋਜਾਂ ਦੀ ਮਦਦ ਨਾਲ ਅਸੀਂ ਅਸਾਨੀ ਨਾਲ ਸਮਝ ਸਕਦੇ ਹਾਂ।

ਪਾਣੀ ਬਾਰੇ ਇੱਕ ਹੋਰ ਬਹੁਤ ਅਹਿਮ ਗੱਲ ਵੱਲ ਮਸਾਰੂ ਨੇ ਇਸ਼ਾਰਾ ਕੀਤਾ ਹੈ। ਪਾਣੀ ਬਾਰੇ ਸਾਡਾ ਸਥਾਪਿਤ ਵਿਗਿਆਨਕ ਨਜ਼ਰੀਆ ਇਹ ਹੈ ਕਿ ਧਰਤੀ ਜਦੋਂ ਬਣੀ ਤਾਂ ਉਸ ਮੌਕੇ ਤੋਂ ਹੀ ਗੈਸਾਂ ਦੇ ਮਿਲਣ ਨਾਲ ਧਰਤੀ 'ਤੇ ਪਾਣੀ ਦਾ ਬਣਨਾ ਸ਼ੁਰੂ ਹੋ ਗਿਆ। ਪਰ ਕੁੱਝ ਲੋਕਾਂ ਦੀ ਧਾਰਨਾ ਇਸ ਤੋਂ ਵੱਖਰੀ ਹੈ। ਇਸ ਸਬੰਧ ਵਿੱਚ ਮਸਾਰੂ ਨੇ ਯੂਨੀਵਰਸਿਟੀ ਆਫ ਆਇਓਵਾ ਦੇ ਲੂਈ ਫਰੈਂਕ ਦੀਆਂ ਧਾਰਨਾਵਾਂ ਦਾ ਹਵਾਲਾ ਦਿੱਤਾ ਹੈ। ਲੂਈ ਦੀ ਖੋਜ ਕੁੱਝ ਸੈਟੇਲਾਈਟ ਫੋਟੋਆਂ ਤੋਂ ਸ਼ੁਰੂ ਹੋਈ, ਜਿਨ੍ਹਾਂ ਵਿੱਚ ਉਸਨੇ ਕੁੱਝ ਕਾਲੇ ਨਿਸ਼ਾਨ ਦੇਖੇ। ਆਪਣੀ ਖੋਜ ਤੋਂ ਬਾਅਦ ਓਹ ਇਸ ਨਤੀਜੇ 'ਤੇ ਪਹੁੰਚਿਆ ਕਿ ਇਹ ਕਾਲੇ ਨਿਸ਼ਾਨ ਕੁੱਝ ਪੂਛਲ ਤਾਰਿਆਂ ਦੇ ਹਨ, ਜਿਹੜੇ ਧਰਤੀ 'ਤੇ ਲਗਾਤਾਰ ਡਿੱਗ ਰਹੇ ਹਨ। ਇਹ ਪੂਛਲ ਤਾਰੇ ਅਸਲ ਵਿੱਚ ਪਾਣੀ ਤੇ ਬਰਫ ਦੇ ਵੱਡੇ ਵੱਡੇ ਗੋਲੇ ਹਨ। ਜਿਹੜੇ ਧਰਤੀ ਦੇ ਵਾਤਾਵਰਣ ਵਿੱਚ ਪ੍ਰਤੀ ਮਿੰਟ ਵਿੱਚ ਵੀਹ ਦੀ ਦਰ 'ਤੇ ਲਗਾਤਾਰ ਡਿੱਗੀ ਜਾ ਰਹੇ ਹਨ। ਧਰਤੀ ਦੀ ਗੁਰੂਤਾ ਖਿੱਚ ਜਦ ਇਨ੍ਹਾਂ ਗੋਲਿਆਂ ਨੂੰ ਆਪਣੇ ਵਾਤਾਵਰਣ ਵਿੱਚ ਖਿੱਚਦੀ ਹੈ ਤਾਂ

ਸੂਰਜ ਦੀ ਗਰਮੀ ਇਨ੍ਹਾਂ ਨੂੰ ਗੈਸ ਵਿੱਚ ਬਦਲ ਦਿੰਦੀ ਹੈ। ਹੋਰ ਨੇੜੇ ਆ ਕੇ ਇਹ ਗੈਸ ਤੱਤ ਹਵਾ ਵਿੱਚ ਮਿਲ਼ ਜਾਂਦੇ ਹਨ ਅਤੇ ਇਨਾਂ ਰਾਹੀਂ ਹੀ ਅੱਗੇ ਫੇਰ ਧਰਤੀ 'ਤੇ ਜਾਂ ਮੀਂਹ ਪੈਂਦਾ ਹੈ ਜਾਂ ਬਰਫ ਪੈਂਦੀ ਹੈ। ਬਾਦ ਵਿੱਚ ਨਾਸਾ ਤੇ ਯੂਨੀਵਰਸਿਟੀ ਆਫ ਹਵਾਈ ਨੇ ਵੀ ਇਹ ਮੰਨਿਆ ਕਿ ਲੂਈ ਫਰੈਂਕ ਦੇ ਸਿਧਾਂਤ ਵਿਚ ਦਮ ਹੈ ਅਤੇ ਇਸ ਦੇ ਅੱਗੇ ਖੋਜ਼ ਹੋਣੀ ਚਾਹੀਦੀ ਹੈ। ਜੇ ਇਹ ਸਿਧਾਂਤ ਚੰਗੀ ਤਰਾਂ ਸਥਾਪਤ ਹੋ ਗਿਆ ਤਾਂ ਹੁਣ ਤੱਕ ਧਰਤੀ 'ਤੇ ਜ਼ਿੰਦਗੀ ਸਬੰਧੀ ਬਣੀਆਂ ਸਾਡੀਆਂ ਸਾਰੀਆਂ ਧਾਰਨਾਵਾਂ ਉਲਟ ਪੁਲਟ ਜਾਣਗੀਆਂ। ਡਾ. ਮਸਾਰੂ ਕਹਿੰਦੇ ਹਨ ਕਿ ਇਹ ਖੋਜਾਂ ਮਨੁਖ ਦੇ ਜਨਮ ਸੰਬੰਧੀ ਡਾਰਵਿਨ ਦੇ ਸਿਧਾਂਤਾਂ ਬਾਰੇ ਵੀ ਸਾਨੂੰ ਨਵੇਂ ਸਿਰੇ ਤੋਂ ਸੋਚਣ ਲਈ ਮਜ਼ਬੂਰ ਕਰ ਦੇਣਗੀਆਂ।

ਮਸਾਰੂ ਕਹਿੰਦੇ ਹਨ ਕਿ ਉਨ੍ਹਾਂ ਦਾ ਖੁਦ ਦਾ ਇਹ ਖਿਆਲ ਹੈ ਕਿ ਪਾਣੀ ਇਸ ਗ੍ਰਹਿ ਦਾ ਤੱਤ ਨਹੀਂ ਹੈ। ਇਹ ਕਿਸੇ ਹੋਰ ਗ੍ਰਹਿ ਤੋਂ ਧਰਤੀ 'ਤੇ ਆਇਆ ਹੈ। ਆਪਣੀ ਧਾਰਨਾ ਦੇ ਪੱਖ ਵਿੱਚ ਉਹ ਦਲੀਲ ਦਿੰਦੇ ਹਨ ਕਿ ਪਾਣੀ ਦੇ ਸੁਭਾਅ ਦੀਆਂ ਕੁੱਝ ਅਜਿਹੀਆਂ ਗੱਲਾਂ ਹਨ, ਜਿਹੜੀਆਂ ਧਰਤੀ ਦੇ ਹੋਰ ਤੱਤਾਂ ਦੇ ਸੁਭਾਅ ਨਾਲੋਂ ਬਿਲਕੁਲ ਵੱਖਰੀਆਂ ਹਨ। ਪਾਣੀ ਸਬੰਧੀ ਕੁੱਝ ਅਜਿਹੇ ਸੁਆਲ ਹਨ, ਜਿਹੜੇ ਹੈਰਾਨ ਕਰਦੇ ਹਨ। ਮਿਸਾਲ ਦੇ ਤੌਰ ਤੇ ਪਾਣੀ ਤੇ ਬਰਫ ਕਿਉਂ ਤੈਰਦੀ ਹੈ? ਆਮ ਕਰਕੇ ਹੁੰਦਾ ਇਹ ਹੈ ਕਿ ਕਿਸੇ ਵੀ ਤੁੱਤ ਦੇ ਠੋਸ ਰੂਪ ਦੀ ਘਣਤਾ ਉਸ ਦੇ ਤਰਲ ਰੂਪ ਨਾਲੋਂ ਜ਼ਿਆਦਾ ਹੁੰਦੀ ਹੈ, ਪਰ ਪਾਣੀ ਦੇ ਮਾਮਲੇ ਵਿੱਚ ਇਹ ਉਲਟ ਕਿਉਂ ਹੈ? ਪਾਣੀ ਅੰਦਰ ਐਨੇ ਕਾਸੇ ਨੂੰ ਆਪਣੇ ਵਿੱਚ ਘੋਲ ਲੈਣ ਦੀ ਜਾਂ ਜਜ਼ਬ ਕਰ ਲੈਣ ਦੀ ਸਮਰੱਥਾ ਕਿਉਂ ਹੈ? ਹੋਰ ਕਿਸੇ ਤੱਤ ਵਿੱਚ ਇਹ ਗੁਣ ਨਹੀਂ ਹੈ। ਕੋਈ ਤੌਲੀਆ ਜਾਂ ਅਜਿਹੀ ਚੀਜ਼ ਥੱਲੇ ਪਏ ਪਾਣੀ ਨੂੰ ਆਪਣੇ ਵਿੱਚ ਸੋਕ ਲੈਂਦਾ ਹੈ। ਇਸ ਮਾਮਲੇ ਵਿੱਚ ਗੁਰੂਤਾ

ਖਿੱਚ ਦਾ ਸਿਧਾਂਤ ਵੀ ਕੰਮ ਨਹੀਂ ਕਰਦਾ। ਅਜਿਹਾ ਕਿਉਂ?

ਪਾਣੀ ਬਾਰੇ ਅਜਿਹੀਆਂ ਬੁਝਾਰਤਾਂ ਇਹ ਸੁਆਲ ਪੈਦਾ ਕਰਦੀਆਂ ਹਨ ਕਿ ਹੋ ਸਕਦਾ ਹੈ ਕਿ ਪਾਣੀ ਇਸ ਧਰਤੀ ਦਾ ਤੱਤ ਨਾ ਹੋਵੇ। ਇਸੇ ਕਰਕੇ ਇਸ ਦਾ ਸੁਭਾਅ ਵੀ ਧਰਤੀ ਦੇ ਹੋਰ ਤੱਤਾਂ ਦੇ ਮੁਕਾਬਲੇ ਬਿਲਕੁਲ ਵੱਖਰਾ ਹੈ। ਪਾਣੀ ਅੰਦਰ ਸੂਚਨਾ ਨੂੰ ਦਰਜ .ਕਰਨ ਦੀ ਜੋ ਸਮਰੱਥਾ ਹੈ, ਉਹ ਹੈਰਾਨਕੁੰਨ ਹੈ। ਮਸਾਰੂ ਨੇ ਕਾਜ਼ੂਓ ਮੁਰਾਕਾਮੀ ਨਾਂ ਦੇ ਇੱਕ ਵਿਗਿਆਨੀ ਦੀ ਟਿਪਣੀ ਦਾ ਹਵਾਲਾ ਦਿੱਤਾ ਹੈ। ਉਸ ਨੇ ਰੇਨਿਨ ਨਾਂ ਦੇ ਔਕਸਾਈਡ ਡੀਐਨਏ ਕੋਡ ਦੀ ਵਿਆਖਿਆ ਕਾਰਨ ਵਿਸ਼ਵ ਦੇ ਵਿਗਿਆਨਕ ਹਲਕਿਆਂ ਦਾ ਧਿਆਨ ਖਿੱਚਿਆ ਸੀ। ਆਪਣੀਆਂ ਖੋਜਾਂ ਬਾਰੇ ਟਿਪਣੀ ਕਰਦਿਆਂ ਕਾਜ਼ੂਓ ਨੇ ਕਿਹਾ ਕਿ ਡੀਐਨਏ ਨੂੰ ਸਮਝਣ ਲਈ ਜਿੰਨਾ ਤੁਸੀਂ ਗਹਿਰਾਂ ਉਤਰਦੇ ਜਾਂਦੇ ਹੋ, ਓਨਾ ਹੀ ਇਸ ਗੱਲ ਨੂੰ ਮੰਨਣ ਲਈ ਵੀ ਮਜ਼ਬੂਰ ਹੁੰਦੇ ਜਾਂਦੇ ਹੋ ਕਿ ਐਨੀ ਛੋਟੀ ਤੇ ਸੂਖਮ ਥਾਂ ਤੇ ਐਨੀ ਜ਼ਿਆਦਾ ਅਤੇ ਵਿਸਥਾਰਤ ਸੂਚਨਾ ਦਰਜ ਕਰਨ ਦਾ ਕੰਮ ਕਿਸੇ 'ਮਹਾਂ ਸ਼ਕਤੀ' ਦੀ ਦੇਖ ਰੇਖ ਬਿਨਾਂ ਨਹੀਂ ਹੋ ਸਕਦਾ। ਇਸ ਸ਼ਕਤੀ ਨੂੰ ਕੋਈ ਵੀ ਨਾਂ ਦਿੱਤਾ ਜਾ ਸਕਦਾ ਹੈ, ਤੁਸੀਂ ਇਸ ਨੂੰ ਰੱਬ ਵੀ ਕਹਿ ਸਕਦੇ ਹੋ ਤੇ ਬ੍ਰਹਿਮੰਡੀ ਚੇਤਨਾ ਵੀ ਕਹਿ ਸਕਦੇ ਹੋ। ਪਰ ਕੋਈ ਅਜਿਹੀ ਤਾਕਤ ਜਾਂ ਸੱਤਾ ਹੈ, ਜਿਸ ਦੁਆਰਾ ਐਨਾ ਸੂਖਮ ਅਤੇ ਜਟਿਲ ਸਿਸਟਮ ਚਲਾਇਆ ਜਾ ਰਿਹਾ ਹੈ। ਮਸਾਰ ਨੇ ਵੀ ਇਹ ਸਵੀਕਾਰ ਕੀਤਾ ਕਿ ਜ਼ਿੰਦਗੀ ਅਤੇ ਪਾਣੀ ਦਾ ਇਹ ਮਹਾਂ ਨਾਟਕ ਕਿਸੇ ਵੱਡੀ ਸ਼ਕਤੀ ਦੀ ਹੋਂਦ ਨੂੰ ਸਵੀਕਾਰ ਕੀਤੇ ਬਗੈਰ ਸਮਝਣਾ ਮੁਸ਼ਕਲ ਹੈ।

ਇਹ ਗੱਲ ਤਾਂ ਵਿਗਿਆਨਕ ਤੌਰ ਤੇ ਸਥਾਪਤ ਹੈ ਕਿ ਧਰਤੀ ਤੇ ਜੀਵਨ ਦਾ ਮੂਲ ਪਾਣੀ ਹੈ। ਇਸ ਗੱਲ ਨੂੰ ਰੂਹਾਨੀ ਦਰਸ਼ਨਾਂ ਨੇ ਵੀ ਸਵੀਕਾਰਿਆ ਹੈ। ਜੇ ਇਸੇ ਕੜੀ ਨਾਲ ਅੱਗੇ ਇਹ ਗੱਲ ਜੁੜ ਜਾਏ ਕਿ

ਪਾਣੀ ਮੂਲ ਰੂਪ ਵਿੱਚ ਧਰਤੀ ਦਾ ਤੱਤ ਨਹੀਂ ਹੈ, ਜਿਵੇਂ ਕਿ ਲੂਈ ਫਰੈਂਕ ਦੀ ਧਾਰਨਾ ਹੈ ਤਾਂ ਜ਼ਿੰਦਗੀ ਪ੍ਰਤੀ ਸਾਡਾ ਸਮੁਚਾ ਨਜ਼ਰੀਆ ਨਵਾਂ ਮੋੜ ਲੈ ਲਵੇਗਾ। ਪਾਣੀ ਬਾਰੇ ਹੁਣ ਤੱਕ ਜਿੰਨੀਆਂ ਕੁ ਵੀ ਇਹ ਖੋਜਾਂ ਹੋਈਆਂ ਹਨ, ਉਨ੍ਹਾਂ ਨੇ ਸਾਨੂੰ ਪਹਿਲਾਂ ਹੀ ਇੱਕ ਨਵਾਂ ਦ੍ਰਿਸ਼ਟੀਕੋਣ ਦਿੱਤਾ ਹੈ।

ਭਾਵੇਂ ਅਜੇ ਇਸ ਖੇਤਰ ਵਿੱਚ ਬਹੁਤ ਕੱਝ ਜਾਣਿਆ ਜਾਣਾ ਬਾਕੀ ਹੈ, ਪਰ ਹੁਣ ਤੱਕ ਦੀਆਂ ਖੋਜਾਂ ਨੇ ਇਹ ਗੱਲ ਤਾਂ ਸਥਾਪਤ ਕਰ ਹੀ ਦਿੱਤੀ ਹੈ ਕਿ ਪਾਣੀ ਇੱਕ ਅ ਜਿਹੀ ਤੰਦ ਹੈ, ਜਿਸ ਨੂੰ ਪਕੜ ਕੇ ਅਸੀਂ ਜੀਵਨ ਦੇ ਕਿੰਨੇ ਹੀ ਗਹਿਰੇ ਰਹੱਸ ਖੋਲ੍ਹ ਸਕਦੇ ਹਾਂ। ਪਾਣੀ ਮਹਿਜ਼ ਹੋਰ ਤੱਤਾਂ ਵਰਗਾ ਇੱਕ ਤੱਤ ਨਹੀਂ ਹੈ। ਨਾ ਮਹਿਜ਼ ਸਾਡੀ ਸਰੀਰਕ ਪਿਆਸ ਬੁਝਾਉਣ ਦਾ ਇੱਕ ਸਾਧਨ ਹੈ। ਨਾ ਹੀ ਸਿਰਫ ਸਿੰਚਾਈ ਜਾਂ ਹਾਈਡਲ ਬਿਜਲੀ ਪੈਦਾ ਕਰਨ ਵਾਸਤੇ ਇੱਕ ਕੁਦਰਤੀ ਸਰੋਤ ਹੈ। ਬਲਕਿ ਮੂਲ ਰੂਪ ਵਿੱਚ ਪਾਣੀ ਜ਼ਿੰਦਗੀ ਦਾ ਸਭ ਤੋਂ ਪ੍ਰਤੱਖ ਪਰ ਸਭ ਤੋਂ ਗਹਿਰਾ ਰਹੱਸ ਹੈ, ਜਿਸ ਦੀ ਪ੍ਰਕਿਰਤੀ ਅਤੇ ਮੂਲ ਨੂੰ ਜਾਣਕੇ ਅਸੀਂ ਜ਼ਿੰਦਗੀ ਦੇ ਮੂਲ ਬਾਰੇ ਕਿੰਨੀਆਂ ਹੀ ਬੁਝਾਰਤਾਂ ਹੱਲ ਕਰ ਸਕਦੇ ਹਾਂ।

ਪ੍ਰਾਥਨਾ ਤੋਂ ਪਹਿਲਾਂ

ਪ੍ਰਾਥਨਾ ਤੋਂ ਬਾਅਦ

ਉਦਾਸੀ ਤੋਂ ਗੱਲ ਤਵੀ ਤੱਕ...
'ਜਪੁਜੀ' ਤੋਂ 'ਸੁਖਮਨੀ'
ਤੱਕ ਆ ਪਹੁੰਚੀ

'ਆਦਿ ਗ੍ਰੰਥ' ਕਲਮਬੰਦੀ
'ਹਰਿਮੰਦਰ' ਦੀ ਨੀਂਹ

ਮੀਆਂ ਮੀਰ
ਤੇ ਜਹਾਂਗੀਰ ਦੀ ਪਛਾਣ

ਹੁਣ ਸੇਕ
ਸਿਦਕ ਪਰਖ ਰਿਹੈ...

'ਮੁਹੰਮਦ' ਦੀ ਖੁਸ਼ਾਮਦ ਦੇ ਸ਼ਬਦ
ਦਰਜ਼ ਕਰਵਾਉਣ ਦੀ ਜਿੱਦ ਫੜ੍ਹੀ ਬੈਠਾ ਬਾਦਸ਼ਾਹ
'ਅੱਲਾਹ' ਦੀ ਨਰਾਜ਼ਗੀ ਹੰਢਾਏਗਾ

ਪਾਤਸ਼ਾਹ ਦੇ ਮੂੰਹੋਂ 'ਰਹਾਉ' ਦਾ ਉਚਾਰਣ
ਤੇ ਸਭ ਕੁਛ ਠਹਿਰ ਜਾਂਦਾ

ਰਾਵੀ ਵਗ ਰਿਹਾ ਹੈ
ਰਾਵੀ ਦੇ ਪਾਣੀਆਂ ਦੀ ਉਡੀਕ ਹੁਣ ਮੁੱਕੀ ।

ਨਮਸਤੂੰ ਅਕਾਲੇ

ਗਗਨ ਚੀਮਾਂ

ਅੰਬਰ : ਸਾਹਿਤ ਦਾ ਸਮਾਜ ਨਾਲ ਕੀ ਸਬੰਧ ਹੈ ?

ਸੁਖਦੇਵ ਸਿੰਘ ਸਿਰਸਾ : ਸਾਹਿਤ ਸਿਰਜਨਾ ਮਨੁੱਖ ਦੇ ਦੂਜੇ ਅਮਲਾਂ ਵਾਂਗ ਸਮਾਜਕ ਕਰਮ ਹੈ। ਸਾਹਿਤ ਲਿਖਣ ਵਾਲਾ ਲੇਖਕ, ਸਾਹਿਤ ਦਾ ਪਾਠਕ ਜਾਂ ਸ੍ਰੋਤਾ, ਪੜ੍ਹਣ ਵਾਲਾ ਪਾਠਕ ਅਤੇ ਸਾਹਿਤ ਦਾ ਵਸਤੂ (Content) ਸਭ ਸਮਾਜਕ ਹਨ। ਸਾਹਿਤ ਖਲਾਅ ਵਿਚੋਂ ਨਹੀਂ; ਸਮਾਜਕ ਅਮਲ; ਵਿਅਕਤੀਆਂ, ਜਮਾਤਾਂ ਤੇ ਸੰਸਥਾਵਾਂ ਦੇ ਭੇੜ ਵਿਚੋਂ ਪੈਦਾ ਹੁੰਦਾ ਹੈ। ਸਾਹਿਤ ਸਮਾਜਕ ਜੀਵਨ ਦੀ ਨਕਲ ਜਾਂ ਪ੍ਰਤਿ-ਰੂਪ ਮਾਤਰ ਨਹੀਂ, ਉਸ ਦਾ ਬਰਚਨਾਤਮਕ ਪੁਨਰ-ਸਿਰਜਣ ਹੈ। ਸਾਹਿਤ ਤੇ ਸਮਾਜ ਦਾ ਰਿਸ਼ਤਾ ਦੁਵੱਲਾ ਜਾਂ ਸੰਵਾਦਕੀ ਹੈ; ਦੋਵੇ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ।

ਅੰਬਰ : ਲਿਖਣ ਅਤੇ ਪੜ੍ਹਨ ਪ੍ਰਤੀ ਤੁਹਾਡੇ ਪਰਿਵਾਰ ਦਾ ਕੀ ਨਜ਼ਰੀਆ ਹੈ ?

ਸੁਖਦੇਵ ਸਿੰਘ ਸਿਰਸਾ : ਰੂਸੀਆਂ, ਬੰਗਾਲੀਆਂ ਤੇ ਦੱਖਣ-ਭਾਰਤੀ ਲੋਕਾਂ ਵਾਂਗ ਪੰਜਾਬੀ ਗੰਭੀਰ ਪੜ੍ਹਾਕੂ ਨਹੀਂ ਹਨ। ਪੰਜਾਬੀਆਂ ਦੀ ਚਿੱਤ-ਬਿਰਤੀ ਸੂਖ਼ਮ ਘੱਟ ਤੇ ਭੇਡੂ (ਜੁਝਾਰੂ) ਵਧੇਰੇ ਹੈ। ਸਾਹਿਤ, ਸੰਗੀਤ ਤੇ ਪੇਂਟਿੰਗ ਪੱਖੋਂ ਪੰਜਾਬੀ ਸਮਾਜ ਦੁਆਲਿਓ ਹੀ ਰਿਹਾ ਹੈ। ਮੇਰਾ ਪਰਿਵਾਰ ਵੀ ਬਾਕੀ ਪੰਜਾਬੀਆਂ ਤੋਂ ਵੱਖਰਾ ਨਹੀਂ, ਪਰ ਘਰ 'ਚ ਕਿਤਾਬਾਂ, ਰਿਸਾਲਿਆਂ, ਲੇਖਕਾਂ ਤੇ ਕਲਾਕਾਰਾਂ ਦੀ ਆਮਦ ਕਰਕੇ ਪਰਿਵਾਰ ਦੇ ਮੈਂਬਰ ਕੁੱਝ ਦਿਲਚਸਪੀ ਲੈਂਦੇ ਹਨ। ਸਾਹਿਤ ਪੜ੍ਹੇ ਬਿਨਾ ਬਹੁਤੇ ਪੰਜਾਬੀਆਂ ਦਾ ਸਰੀ ਜਾਂਦਾ ਹੈ।

ਅੰਬਰ : ਤੁਸੀਂ ਲਿਖਦੇ ਕਿਉਂ ਹੋ ?

ਸੁਖਦੇਵ ਸਿੰਘ ਸਿਰਸਾ : ਇਹ ਮੁਸ਼ਕਿਲ ਸੁਆਲ ਹੈ। ਆਪਣੇ ਆਪ ਤੇ ਸਮਾਜ ਨੂੰ ਸਮਝਣ ਲਈ ਮਨੁੱਖ ਕਿਸੇ ਨਾ ਕਿਸੇ ਸਿਰਜਣਾਤਮਕ ਗਤੀਵਿਧੀ ਦਾ ਸਹਾਰਾ ਲੈਂਦਾ ਹੈ। ਸਾਹਿਤ ਸਿਰਜਣਾ ਦਾ ਅਮਲ ਆਪਣੇ ਆਪੇ ਤੇ ਸਮਾਜਕ ਵਰਤਾਰੇ ਨਾਲ ਮੱਥਾ ਲਾਉਣ (Encounter) ਵਰਗਾ ਕੰਮ ਹੈ। ਦਿਲ ਦਾ ਗੁੱਝ-ਗੁਬਾਹਦ ਕੱਢਣ ਲਈ ਕਦੇ ਕਦੇ ਕਵਿਤਾ ਲਿਖ ਲੈਂਦਾ ਹਾਂ, ਪਰ ਛਪਣ ਦੀ ਕਾਹਲ ਨਹੀਂ ਹੁੰਦੀ। ਅਧਿਆਪਕ ਹੋਣ ਕਰਕੇ ਮੇਰੀ ਲੇਖਣੀ ਦਾ ਵੱਡਾ ਹਿੱਸਾ ਸਾਹਿਤ ਅਤੇ ਕੌਮੀ ਤੇ ਕੌਮਾਂਤਰੀ ਵਰਤਾਰਿਆਂ ਦੇ ਚਿੰਤਨ-ਮਨਨ ਨਾਲ ਸੰਬੰਧਿਤ ਹੈ। ਸਾਹਿਤ ਸਿਰਜਣਾ ਮੇਰੇ ਨੇੜੇ ਬਖਸ਼ਿਸ਼ ਨਹੀਂ, ਬੌਧਿਕ ਕਿਰਤ ਹੈ।

ਅੰਬਰ : ਤਸੀਂ ਲੇਖਕ ਦੀ ਲਿਖਤ ਦਾ ਲੇਖਕ ਦੇ ਆਪਣੇ ਜੀਵਨ ਨਾਲ ਸਬੰਧ ਨੂੰ ਕਿਸ ਤਰ੍ਹਾਂ ਦੇਖਦੇ ਹੋ ?

ਸੁਖਦੇਵ ਸਿੰਘ ਸਿਰਸਾ : ਸੰਸਾਰ ਸਾਹਿਤ ਵਿੱਚ ਦੋਵੇਂ ਤਰ੍ਹਾਂ ਦੀਆਂ ਮਿਸਾਲਾਂ ਮਿਲਦੀਆਂ ਹਨ, ਅਜੇਹੇ ਲੇਖਕ ਵੀ ਹੋਏ ਹਨ ਜਾਂ ਅੱਜ ਵੀ ਹਨ, ਜਿਨ੍ਹਾਂ ਦੀਆ ਲਿਖਤਾਂ ਤੇ ਜੀਵਨ ਵਿੱਚ ਕੋਈ ਅੰਤਰ ਨਹੀਂ ਸੀ - ਜਿਵੇਂ ਗੁਰੂ ਨਾਨਕ ਦੇਵ ਜੀ, ਭਗਤ ਕਬੀਰ ਜੀ, ਬੁੱਲੇ ਸ਼ਾਹ ਜੀ, ਮੁੰਸ਼ੀ ਪ੍ਰੇਮ ਚੰਦ ਅਤੇ ਭਾਅ ਜੀ ਗੁਰਸ਼ਰਨ ਸਿੰਘ ਆਦਿ। ਕੁੱਝ ਵੱਡੇ ਰੁਤਬੇ ਵਾਲੇ ਲੇਖਕ ਅਜਿਹੇ ਵੀ ਹਨ, ਜਿਨ੍ਹਾਂ ਦੀਆ ਲਿਖਤਾਂ ਅਤੇ ਨਿੱਜੀ ਜੀਵਨ ਵਿਚ ਢੇਰ ਪਾੜਾ ਹੈ, ਜਿਵੇਂ ਟਾਲਸਟਾਏ, ਦਾਸਤੋਵਸਕੀ, ਰਾਬਿੰਦਰ ਨਾਥ ਟੈਗੋਰ, ਮੰਟੋ ਅਤੇ ਸ਼ਿਵ ਕੁਮਾਰ ਬਟਾਲਵੀ। ਲੋਨਜਾਈਨਸ ਤੇ ਐਡਮੰਡ ਵਿਲਸਨ ਵਰਗੇ ਸਾਹਿਤ ਦੇ ਪਾਰਖੂ ਤਾਂ ਇਹ ਵੀ ਕਹਿੰਦੇ ਹਨ ਕਿ ਮਹਾਨ ਲੇਖਕ ਕੁੱਝ ਹੱਦ

ਤੱਕ ਮਨੋਰੋਗੀ ਜਾਂ ਵੱਡੇ ਐਬਾਂ ਵਾਲੇ ਹੁੰਦੇ ਹਨ। ਜੇਕਰ ਲੇਖਕ ਤੇ ਲਿਖਤ ਦੋਵੇ ਮਹਾਨ ਹੋਣ ਤਾਂ ਸੋਨੇ ਤੇ ਸੋਹਾਗਾ। ਖ਼ੁਦ ਤੇ ਪਰਿਵਾਰ ਲਈ ਸਰਾਪਿਆ ਲੇਖਕ ਮੰਟੋ ਵਾਂਗ ਸਮਾਜ ਲਈ ਵਰਦਾਨ ਵੀ ਤਾ ਹੁੰਦਾ ਹੈ।

ਅੰਬਰ : ਜ਼ਿੰਦਗੀ ਵਿੱਚ ਸਾਹਿਤ ਦੀ ਕੀ ਭੂਮਿਕਾ ਹੈ ?

ਸੁਖਦੇਵ ਸਿੰਘ ਸਿਰਸਾ : ਜ਼ਿੰਦਗੀ ਜੀਣ ਲਈ ਮਨੁੱਖ ਨੂੰ ਪਦਾਰਥਾਂ ਤੇ ਰੂਹ ਨੂੰ ਸਕੂਨ ਦੇਣ ਵਾਲੀਆਂ ਆਤਮਿਕ ਤੇ ਸੁਹਜਾਤਮਕ ਕਦਰਾਂ ਕੀਮਤਾਂ ਦੀ ਲੋੜ ਹੁੰਦੀ ਹੈ। ਮਨੁੱਖ ਪਦਾਰਥਾਂ ਦੀ ਸਿਰਜਣਾ ਉਦਰ ਪੂਰਤੀ ਜਾਂ ਦੁਨਿਆਵੀ ਲੋੜਾਂ ਦੀ ਪੂਰਤੀ ਲਈ ਹੀ ਨਹੀ ਕਰਦਾ, ਸਗੋਂ ਸੁਹਜ-ਤ੍ਰਿਪਤੀ ਲਈ ਵੀ ਕਰਦਾ ਹੈ। ਸ਼ਾਇਦ ਇਸੇ ਕਰਕੇ ਕਲਾ ਸਿਰਜਨਾਂ ਨੂੰ ਆਤਮਿਕ-ਕਿਰਤੀ (Spiritul Labour-er) ਕਿਹਾ ਜਾਂਦਾ ਹੈ। ਕਲਾ ਤੇ ਸਾਹਿਤ ਮਨੁਖ, ਸਮਾਜ ਅਤੇ ਪ੍ਰਾਕਿਰਤਕ ਜਗਤ ਨੂੰ ਸੁਹਜਮਈ ਵੀ ਬਣਾਉਦੇ ਹਨ ਅਤੇ ਸਦੀਵਤਾ ਵੀ ਬਖ਼ਸ਼ਦੇ ਹਨ। ਪਹਾੜਾਂ 'ਤੇ ਪਈ ਬਰਫ਼ ਸਮੇਂ ਦੇ ਗੇੜ ਨਾਲ ਪਿਘਲ ਜਾਵੇਗੀ, ਪਰ ਫੋਟੋ ਕਲਿਕ ਜਾਂ ਪੇਂਟਿੰਗ ਉਸ ਨੂੰ ਸਦਾ ਲਈ ਸਾਂਭ ਲਵੇਗੀ। ਵਾਰਿਸ ਨੇ 'ਹੀਰ' ਨੂੰ ਅਤੇ ਸੋਭਾ ਸਿੰਘ ਨੇ 'ਸੋਹਣੀ' ਨੂੰ ਸਦੀਵੀ ਬਣਾ ਦਿੱਤਾ ਹੈ। ਸਾਹਿਤ ਬੇਤਰਤੀਬੀ ਜ਼ਿੰਦਗੀ ਨੂੰ ਸੁਰ ਤੇ ਲੈਅ ਦਿੰਦਾ ਹੈ।

ਚੁਗਲਖੋਰ / ਸੁਖਦੇਵ ਮਾਦਪੁਰੀ

ਇਕ ਕਿਸਾਨ ਨੂੰ ਕਾਮੇ ਦੀ ਲੋੜ ਸੀ। ਲੱਭਦਿਆਂ ਲੱਭਦਿਆਂ ਉਸਨੂੰ ਇਕ ਹੱਡਾਂ-ਪੈਰਾਂ ਦਾ ਨਰੋਆ ਕਾਮਾ ਲੱਭ ਪਿਆ। ਜੱਟ ਨੇ ਕਾਮੇ ਦੀ ਤਨਖਾਹ ਪੁੱਛੀ। "ਬਸ ਸਰਦਾਰਾ! ਰੋਟੀ, ਕੱਪੜਾ ਅਤੇ ਛੇ ਮਹੀਨੇ ਮਗਰੋਂ ਇਕ-ਅੱਧ ਚੁਗਲੀ।" ਕਾਮੇ ਨੇ ਆਪਣੀ ਨੌਕਰੀ ਦੀ ਸ਼ਰਤ ਪੇਸ਼ ਕੀਤੀ।

"ਮੈਨੂੰ ਮਨਜ਼ੂਰ ਹੈ।" ਜੱਟ ਨੇ ਕਾਮੇ ਦੀ ਸ਼ਰਤ ਮਨਜ਼ੂਰ ਕਰਦਿਆਂ ਕਿਹਾ। ਰੋਟੀ, ਕੱਪੜੇ ਤੇ ਜੱਟ ਨੂੰ ਕਾਮਾ ਮਿਲਦਾ ਸੀ, ਉਸਨੂੰ ਭਲਾ ਹੋਰ ਕੀ ਚਾਹੀਦਾ ਸੀ। ਤੇ ਚੁਗਲੀ ਦੀ ਜੱਟ ਨੇ ਕੋਈ ਪਰਵਾਹ ਨਾ ਕੀਤੀ।

ਕਾਮਾ ਬੜੇ ਚਾਵਾਂ ਨਾਲ ਜੱਟ ਨਾਲ ਕੰਮ ਕਰਦਾ ਰਿਹਾ। ਇਸ ਪਰਕਾਰ ਛੇ ਮਹੀਨੇ ਬਤੀਤ ਹੋ ਗਏ। ਕੋਈ ਘਟਨਾ ਨਾ ਵਾਪਰੀ। ਆਖਰ ਇਕ ਦਿਨ ਕਾਮੇ ਨੇ ਜੱਟੀ ਨੂੰ ਆਖਿਆ, "ਤੇਰੇ ਘਰ ਵਾਲਾ ਤਾਂ ਕੋਝੀ ਹੋ ਗਿਆ।"

"ਹੈ ਚੰਦਰਾ! ਕਿਹੜੀਆਂ ਗੱਲਾਂ ਕਰਦੈ, ਤੇਰਾ ਕਿਧਰੇ ਡਮਾਕ ਤਾਂ ਨੀ ਫਿਰ ਗਿਐ?" ਜੱਟੀ ਨੇ ਅੱਗੋਂ ਮੋੜਵਾਂ ਉੱਤਰ ਦਿੱਤਾ। ਕਾਮੇ ਨੇ ਹਿੱਕ ਥਾਪੜ ਕੇ ਕਿਹਾ, "ਮੇਰੇ ਸਿਰ ਸੌ ਛਿੱਤਰ ਮਾਰੀਂ, ਜੇ ਮੇਰੀ ਗੱਲ ਝੂਠ ਹੋਵੇ। ਜਿਹੜਾ ਆਦਮੀ ਕੋਹੜੀ ਹੋ ਜਾਂਦੈ, ਉਹਦਾ ਸਾਰਾ ਸਰੀਰ ਸਲੂਣਾ ਹੋ ਜਾਂਦੈ। ਬੇਸ਼ਕ ਚੱਟ ਕੇ ਵੇਖ ਲਵੀਂ ਸਵੇਰੇ।"

"ਮੈਂ ਇਸ ਗੱਲ ਦਾ ਜ਼ਰੂਰ ਪਰਤਿਆਵਾ ਲਵਾਂਗੀ ਸਵੇਰੇ ਜਦੋਂ ਰੋਟੀ ਦੇਣ ਗਈ ਤਾਂ," ਜੱਟੀ ਜਾਣੋ ਸੱਚ ਮੰਨ ਗਈ।

ਦੂਜੇ ਬੰਨੇ ਚੁਗਲਖੋਰ ਕਾਮਾ ਜੱਟ ਪਾਸ ਜਾ ਕੇ ਆਖਣ ਲੱਗਾ, "ਸਰਦਾਰਾ ਤੂੰ ਤਾਂ ਆਪਣੇ ਕੰਮੀਂ ਜੁੱਟਿਆਂ ਫਿਰਦੈ, ਓਧਰ ਤੇਰੀ ਘਰ ਵਾਲੀ ਨੂੰ ਹਲਕਾ ਹੋ ਗਿਐ.... ਜਣੇ ਖਣੇ ਨੂੰ ਵੱਢਣ ਨੂੰ ਪੈਂਦੀ ਐ।"

ਜੱਟ ਸੁਣ ਕੇ ਚੁੱਪ ਕਰ ਰਿਹਾ ਪਰ ਉਹਦੇ ਮਨ ਵਿਚ ਸ਼ੰਕਾ ਪੈਦਾ ਹੋ ਗਈ। ਮਾਲਕ, ਤੀਵੀਂ ਦੋਹਾਂ ਦੇ ਮਨਾਂ ਵਿਚ ਭਰਮ ਪਾ ਕੇ ਚੁਗਲਖੋਰ ਤੀਵੀਂ ਦੇ ਭਰਾਵਾਂ ਕੋਲ ਜਾ ਕੇ ਆਖਣ ਲੱਗਾ, "ਸਰਦਾਰੋ! ਮੈਂ ਚਾਹੁੰਦਾ ਤਾਂ ਨਹੀਂ ਸੀ ਤੁਹਾਡੇ ਕੋਲ ਆ ਕੇ ਕੋਈ ਗੱਲ ਕਰਾਂ। ਮੈਂ ਆਪਣੇ ਮਾਲਕ ਦਾ ਨਮਕ ਹਰਾਮ ਨਹੀਂ ਸਾਂ ਕਰਨਾ ਚਾਹੁੰਦਾ। ਪਰ ਦਿਆ ਵੀ ਕੋਈ ਚੀਜ਼ ਐ..... ਮੇਰੇ ਪਾਸੋਂ ਜਰ ਨਹੀਂ ਹੁੰਦਾ। ਤੁਹਾਡਾ ਭਣੋਈਆ ਤੁਹਾਡੀ ਭੈਣ ਨੂੰ ਹਰ ਰੋਜ਼ ਖੇਤਾਂ ਵਿਚ ਪਰਾਣੀਆਂ ਨਾਲ ਕੁੱਟਦੈ। ਬੇਸ਼ਕ ਸਵੇਰੇ ਜਾ ਕੇ ਖੇਤਾਂ ਵਿਚ ਵੇਖ ਲੈਣਾ।"

ਉਹਨਾ ਨੂੰ ਵੀ ਕਾਮੇ ਦੀ ਗੱਲ 'ਤੇ ਪੂਰਾ ਯਕੀਨ ਆ ਗਿਆ, "ਅਸੀਂ ਸਵੇਰੇ ਆਵਾਂਗੇ ਤੇ ਵੇਖਾਂਗੇ ਕਿ ਉਹ ਸਾਡੀ ਭੈਣ ਨੂੰ ਕਿਵੇਂ ਕੁੱਟਦਾ ਹੈ।"

ਜੱਟੀ ਦੇ ਭਰਾਵਾਂ ਕੋਲੋਂ ਹੋ ਕੇ ਉਹ ਸਿੱਧਾ ਜੱਟ ਦੇ ਭਰਾਵਾਂ ਕੋਲ ਪਹੁੰਚ ਗਿਆ, "ਜੀ! ਦੋ ਭਾਂਡੇ ਹੁੰਦੇ ਨੇ, ਆਪਸ ਵਿਚ ਖੜਕਦੇ ਵੀ ਨੇ। ਤੁਸਾਂ ਭਰਾਵਾਂ ਨੇ ਤਾਂ ਭਲਾ ਲੜਨਾ ਝਗੜਨਾ ਹੋਇਆ। ਤੁਸੀਂ ਫੇਰ ਭਾਈ ਭਾਈ ਹੋ। ਪਰ ਕੋਈ ਦੂਜਾ ਤੁਹਾਡੇ ਭਾਈ ਨੂੰ ਕਿਵੇ ਦਬਾਵੇ।? ਤੁਹਾਡੇ ਭਾਈ ਦੇ ਸਾਲੇ ਉਹਨੂੰ 'ਕੱਲਾ ਜਾਣ ਕੇ ਦੂਜੇ ਦਿਨ ਆ ਕੇ ਉਸ ਦੁਆਲੇ ਹੋਏ ਰਹਿੰਦੇ ਨੇ। ਉਹਨੂੰ ਮਾਰਦੇ ਕੁੱਟਦੇ ਨੇ। ਜੇਕਰ ਤੁਸੀਂ ਮੇਰੇ ਤੇ ਇਤਬਾਰ ਨਹੀਂ

ਕਰਦੇ ਤਾਂ ਭਲਕੇ ਆ ਕੇ ਆਪ ਅੱਖੀਂ ਵੇਖ ਲੈਣਾ...।"

ਭਾਈ ਭਾਵੇਂ ਲੱਖ ਇਕ ਦੂਜੇ ਨਾਲ ਵੱਟੇ ਹੋਣ ਪਰ ਆਪਣੇ ਭਰਾ ਦੀ ਬੇਇਜ਼ਤੀ ਬਰਦਾਸ਼ਤ ਨਹੀਂ ਕਰ ਸਕਦੇ। ਉਹਨਾਂ ਦੇ ਮਨ ਵਿਚ ਆਪਣੇ ਭਰਾ ਲਈ ਹਮਦਰਦੀ ਜਾਗੀ। ਉਹਨਾਂ ਕਿਹਾ, "ਅਸੀਂ ਡਾਂਗਾਂ ਲੈ ਕੇ ਖੇਤ ਨੂੰ ਆਵਾਂਗੇ। ਦੇਖਾਂਗੇ ਉਹਨੂੰ ਕਿਹੜਾ ਹੱਥ ਲਾਉਦੈ ।"

ਦੂਜੀ ਭਲਕ ਜੱਟ ਸਵੇਰੇ ਸਾਝਰੇ ਹੀ ਕੰਮ ਵਿਚ ਰੁੱਝ ਗਿਆ। ਚੁਗਲਖੋਰ ਵੀ ਉਹਦੇ ਨਾਲ ਮਚਲਾ ਹੋ ਕੇ ਕੰਮ ਕਰਦਾ ਰਿਹਾ। ਦਿਨ ਚੜੇ ਜੱਟੀ ਆਪਣੇ ਘਰ ਵਾਲੇ ਅਤੇ ਕਾਮੇ ਲਈ ਰੋਟੀ ਲੈ ਕੇ ਖੇਤ ਵਿਚ ਆਈ। ਜੱਟੀ ਨੂੰ ਵੇਖ ਕੇ ਚੁਗਲਖੋਰ ਮਨੋ-ਮਨੀ ਹੱਸਿਆ। ਜੱਟੀ ਲੱਸੀ ਦਾ ਝੱਕਰਾ ਅਤੇ ਰੋਟੀਆਂ ਦਾ ਛਿੱਕ ਉਹਨਾਂ ਦੇ ਵਿਚਕਾਰ ਰੱਖ ਕੇ ਬੈਠ ਗਈ। ਜੱਟ ਡਰਦਾ ਮਾਰਿਆ ਦੂਰ ਦੂਰ ਜਾਵੇ ਤੇ ਜੱਟੀ ਪਰਤਾਵਾ ਲੈਣ ਦੀ ਮਾਰੀ ਨੇੜੇ ਨੇੜੇ ਹੋਵੇ। ਜਦੋਂ ਜੱਟੀ ਨੇ ਲੱਸੀ ਦਾ ਭਰਿਆ ਛੰਨਾਂ ਜੱਟ ਵੱਲ ਵਧਾਇਆ, ਜੱਟ ਹੱਥ ਵਧਾ ਕੇ ਛੰਨਾ ਫੜਨ ਲੱਗਾ ਤਾਂ ਜੱਟੀ ਨੇ ਝੱਟ ਪਰਤਾਵਾ ਲੈਣ ਲਈ ਰੋਟੀ ਵਿਚਾਲੇ ਛੱਡ ਜੱਟ ਦੀ ਬਾਂਹ ਵੱਲ ਮੂੰਹ ਵਧਾਇਆ।

ਜੱਟ ਇਕ ਦਮ ਝਭਕ ਗਿਆ। "ਇਹ ਤਾਂ ਸੱਚੀਓਂ ਹਲਕ ਗਈ ਹੈ, ਆਖਦਿਆਂ ਪਰਾਣੀ ਚੁੱਕ ਕੇ ਜੱਟੀ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਜੱਟੀ ਦੇ ਭਾਈ ਵੀ ਨੇੜੇ ਹੀ ਲੁਕੇ ਬੈਠੇ ਸਨ, ਝੱਟ ਡਾਂਗਾਂ ਲੈ ਕੇ ਜੱਟ ਦੁਆਲੇ ਹੋ ਗਏ। ਉਹ ਕੁੱਟ ਹੀ ਰਹੇ ਸਨ ਕਿ ਜੱਟ ਦੇ ਭਰਾਵਾਂ ਨੇ ਦੂਰੋਂ ਹੀ ਲਲਕਾਰਾ ਮਾਰਿਆ, "ਜਾਇਉ ਨਾ ਬਈ, ਅੱਜ ਨੀ ਜਿਉਂਦੇ ਜਾਣ ਦੇਂਦੇ

ਤੁਹਾਨੂੰ ਤੁਸੀਂ ਕੀ ਸਾਡੇ ਭਰਾ ਨੂੰ ਕੱਲਾ ਤਕਾਇਐ।"

ਬਸ ਫੇਰ ਕੀ ਸੀ। ਦੇਹ ਡਾਂਗ ਤੇ ਡਾਂਗ। ਸਾਰਿਆਂ ਦਾ ਧੰਦਾ ਹੋ ਗਿਆ ਤੇ ਪੰਜ-ਸੱਤ ਲੰਮੇ ਵੀ ਪੈ ਗਏ ਤਦ ਕਿਤੇ ਜਾ ਕੇ ਹੌਲੌਂ - ਹੌਲੀ ਅਸਲੀ ਗੱਲ ਦਾ ਪਤਾ ਲੱਗਿਆ। ਇਹ ਤਾਂ ਚੁਗਲੀ ਦੇ ਕਾਰੇ ਹਨ। ਗੱਲ ਅਸਲ ਵਿਚ ਕੁੱਝ ਵੀ ਨਹੀਂ ਸੀ। ਅੱਗੋਂ ਤੋਂ ਸਾਰਿਆਂ ਨੇ ਇਹ ਫੈਸਲਾ ਕੀਤਾ ਕਿ ਅਸੀਂ ਕਿਸੇ ਵੀ ਚੁਗਲਖੋਰ ਨੂੰ ਘਰ ਵੜਨ ਨਹੀਂ ਦੇਣਾ ਅਤੇ ਨਾ ਹੀ ਉਸਦੀ ਕਹੀ ਕਿਸੇ ਗੱਲ ਦਾ ਯਕੀਨ ਕਰਨਾ ਹੈ।

ਤਕੜੇ ਤਕੜਿਆਂ ਦੀ ਕਦਰ ਕਰਕੇ ਹੋਰ ਤਾਕਤਵਰ ਹੋ ਜਾਂਦੇ ਹਨ। ਕਮਜੋਰ ਕਮਜੋਰਾਂ ਦਾ ਅਪਮਾਨ ਕਰਕੇ ਹੋਰ ਕਮਜੋਰ ਹੋ ਜਾਂਦੇ ਹਨ। — ਨਰਿੰਦਰ ਸਿੰਘ ਕਪੂਰ

ਜੈਲ

ਰਾਜਨ ਸਿੰਘ

ਕਾਰਖਾਨੇ ਦਾ ਰਾਤ ਦਸ ਵਜੇ ਦਾ ਘੁੱਗੂ ਵੱਜਿਆ ਤੇ ਘਰ ਜਾਣ ਵਾਲੇ ਕੰਮੀਆਂ ਵਿੱਚ ਹਫੜਾਦਫੜੀ ਮੱਚ ਗਈ। ਨਿੱਕੇ ਪੱਲੇ ਵਾਲੇ ਨਿਕਾਸੀ ਗੇਟ 'ਚੋਂ ਇੱਕ ਦੂਜੇ ਤੋਂ ਮੂਹਰੇ ਲੰਘਣ ਲਈ ਸਿਆਣੇ-ਜੁਆਨ ਕੰਮੀ ਅਕਸਰ ਫਸ ਫਸਾ ਕਰਦੇ। ਸਾਇਕਲਾਂ ਦੀਆਂ ਟੱਲੀਆਂ, ਸਕੂਟਰਾਂ ਦੇ ਹਾਰਨ ਤੇ ਕਈਆਂ ਦੇ ਕੰਨ ਪਾੜਵੇਂ ਸੰਘੇ - ਇਹਨਾਂ ਪੰਜਾਂ-ਸੱਤਾਂ ਮਿੰਟਾਂ ਵਿੱਚ ਐਨਾ ਸ਼ੋਰਗੁਲ ਮਚਾ ਦਿੰਦੇ ਕਿ ਅਕਸਰ ਗੇਟ ਤੇ ਖੜਾ ਗਾਰਡ ਖਿਝ ਜਾਂਦਾ ਤੇ ਝਈ ਲੈ ਕੇ ਪੈਂਦਾ –

"ਓ ਸਾਹ ਲੈ ਓਏ, ਸਾਹ। 'ਗਾਹਾਂ ਜਾ ਕੇ ਅੱਗ ਬਝਾਉਣੀ ਆ ?"

ਪਰ ਜੈਲ ਦਾ ਇਸ ਸਾਰੇ ਵਰਤਾਰੇ ਨਾਲ ਕੋਈ ਸਬੰਧ ਨਹੀ ਸੀ। ਉਸਦੇ ਕੰਮ ਤੇ ਆਉਣ ਤੇ ਜਾਣ ਵਿੱਚ ਘੱਟੋ-ਘੱਟ ਦਸ ਪੰਦਰਾਂ ਮਿੰਟਾਂ ਦੀ ਦੇਰੀ ਸੁਭਾਵਕ ਸੀ। ਗੇਟ ਕੀਪਰ, ਟਾਈਮ ਆਫਿਸ ਵਾਲੇ ਤੇ ਨਾਲ ਦੇ ਕੰਮੀਆਂ ਨੇ ਕਈ ਦਫਾ ਜੈਲ ਦੀ ਸ਼ਿਕਾਇਤ ਵੀ ਕੀਤੀ ਪਰ ਕਹਿਣਾ ਨਾ ਮੰਨਣਾ ਜੈਲ ਦੀ ਰੋਜ ਮਰਾ ਦੀ ਆਦਤ ਬਣ ਗਈ ਸੀ।

ਕੰਮ ਤੋਂ ਛੁੱਟੀ ਹੋਣ ਉਪਰੰਤ ਜੈਲ ਆਦਤਨ ਦਸਾਂ ਕੁ ਮਿੰਟਾਂ ਬਾਅਦ ਸਕੂਟਰ ਸਟੈਂਡ ਤੇ ਪੁੱਜਾ। ਦੂਰ ਖੜਾ ਗਾਰਡ ਉਸਦੀ ਪਛਾਣ ਕਰ ਰਿਹਾ ਸੀ। ਸਾਰੇ ਗਾਰਡ ਜੈਲ ਦੀ

ਆਦਤ ਤੋਂ ਵਾਕਫ ਸੀ। ਕਈ ਦਫਾ ਹੋਈ ਗਰਮਾ-ਗਰਮੀ ਮਗਰੋਂ ਹੁਣ ਕੋਈ ਵੀ ਜੈਲ ਨੂੰ ਸਹਿਜੇ ਮੂੰਹ ਲਾ ਕੇ ਰਾਜੀ ਨਹੀ ਸੀ। ਜੈਲ ਨੇ ਚੁੱਪ ਚੁਪੀਤੇ ਆ ਸਕੂਟਰ ਨੂੰ ਕਿੱਕ ਮਾਰੀ ਹੀ ਸੀ ਕਿ ਪਿੱਛੋ ਕਿਸੇ ਦੀ ਜਾਣੀ ਪਛਾਣੀ ਆਵਾਜ ਕੰਨੀਂ ਪਈ- "ਭਾਅ ਰੁਕੀ, ਮੈ ਵੀ ਆਉਨਾ।"

ਖੁਰਦਾਂ ਵਾਲਾਂ ਗੰਜਾ ਸੈਣੀ ਸੀ – ਦਲੇਰ ਸਿੰਘ। ਉਹ ਵੀ ਜੈਲ ਵਾਕਣ ਆਦਤੋਂ ਔਖਾ : ਮੁਫਤ ਦੇ ਸਾਧਨ ਦਾ। ਦਲੇਰ ਸਿੰਘ ਘਰੋਂ ਚੋਖਾ ਰੱਜਾ ਪੁੱਜਾ ਸੀ। ਮੁੰਡੇ ਕੰਮਾਂ ਕਾਰਾਂ ਵਾਲੇ ਸਨ, ਆਪ ਵੀ ਡਰਾਇਵਰੀ 'ਚੋ ਸੋਹਣੇ ਪੈਸੇ ਵੱਟਦਾ ਪਰ ਬਸ ਦੇ ਕਿਰਾਏ ਵਾਸਤੇ ਦਸ ਰੁਪੈ ਖਰਚਦੇ ਨੂੰ ਮੌਤ ਪੈਂਦੀ। ਜੈਲ ਨੇ ਬਗੈਰ ਕਿਸੇ ਤਿੜ-ਫਿੜ ਦੇ ਸੈਣੀ ਨੂੰ ਬਿਠਾ ਲਿਆ।

ਗੱਲ ਇਹ ਨਹੀ ਸੀ ਕਿ ਜੈਲ ਇਕੱਲਾ ਰਾਤ ਬਰਾਤੇ ਸਕੂਟਰ 'ਤੇ ਘਰੇ ਜਾਣੋ ਘਾਬਰਦਾ ਸੀ। ਅਸਲੋਂ ਤਾਂ ਓਹ ਇਕੱਲਾ ਹੀ ਖੁਸ਼ ਰਹਿੰਦਾ ਸੀ। ਮਾਲਕ ਨੇ ਵਾਹਵਾ ਤਕੜਾ ਸਵਾ ਛੇ ਫੁੱਟਾ ਕੱਦਾਵਰ ਜੁੱਸਾ ਬਖਸ਼ਿਆ ਸੀ, ਮਜਾਲ ਐ ਕਿਸੇ ਔਖੇ ਵੇਲੇ ਦੋ ਚੌਂਹ ਨੂੰ ਲਾਗੇ ਲੱਗਣ ਦੇ ਦਵੇ। ਪਰ ਜੈਲ ਅਕਲੋਂ ਥੋੜਾ ਪੈਦਲ ਸੀ। ਪ੍ਰਮਾਤਮਾ ਦਾ ਦਿੱਤਾ ਉਸਦੇ ਘਰੇ ਬਹੁਤ ਕੁਝ ਸੀ। ਫਿਰ ਵੀ ਉਸਦੀ ਰੂਹ ਤੜਫਦੀ ਰਹਿੰਦੀ। ਜੈਲ ਦਾ ਪਿਓ ਬਖਸ਼ੀਸ਼ ਸਿੰਘ ਕਰ ਵਿਭਾਗ ਵਿੱਚ ਇੰਸਪੈਕਟਰ ਰਿਟਾਇਰ ਹੋਇਆ ਸੀ। ਰਿਟਾਇਰਮੈਂਟ 'ਤੇ ਚੋਖਾ ਮਾਲ ਮਿਲਿਆ ਸੀ, ਉਤੋਂ ਵਾਹਵਾ ਪੇਂਸ਼ਨ ਵੀ ਆਉਂਦੀ ਸੀ।

ਜੈਲ ਦੇ ਦੋ ਹੋਰ ਭਰਾ ਵੀ ਸਨ, ਜੋ ਕਿ ਆਪੋ ਆਪਣੇ ਕਿੱਤਿਆਂ 'ਚ ਪੱਕੇ ਪੈਰੀਂ ਸਨ। ਜੈਲ ਆਪਣੀ ਸਧਾਰਣ ਨੌਕਰੀ ਕਾਰਨ ਉਦਾਸ ਰਹਿੰਦਾ ਸੀ। ਬਖਸ਼ੀਸ਼ ਸਿੰਘ ਇਸੇ ਕਾਰਨ ਬਹੁਤਾ ਹੱਥ ਜੈਲ ਦੇ ਟੱਬਰ 'ਤੇ ਰੱਖਦਾ ਤੇ ਕੋਈ ਥੁੜ ਨਾ ਆਉਣ ਦਿੰਦਾ।

ਭਾਵੇਂ ਜੈਲ ਦੀ ਨੌਕਰੀ ਪੱਕੀ ਨਹੀਂ ਸੀ ਤੇ ਸੀਮਿਤ ਆਮਦਨੀ ਦਾ ਸਾਧਨ ਸੀ, ਪਰ ਫਿਰ ਵੀ ਜੈਲ ਕਦੇ ਕਦੇ ਘੋਸ ਮਾਰ ਜਾਂਦਾ ਤੇ ਮਹੀਨੇ 'ਚ ਪੰਜ ਸੱਤ ਛੁੱਟੀਆਂ ਮਾਰ ਜਾਂਦਾ। ਸਿਰ 'ਤੇ ਪਿਓ ਦਾ ਹੱਥ ਹੋਣ ਕਾਰਨ ਜੈਲ ਨੂੰ ਰੁਪੈ ਪੈਸੇ ਪੱਖੋਂ ਕੋਈ ਤੰਗੀ ਨਹੀ ਸੀ। ਪਿਓ ਦਾ ਜੈਲ ਨੂੰ ਰੱਬ ਵਰਗਾ ਆਸਰਾ ਸੀ ਫਿਰ ਵੀ ਸਭ ਜਾਣਦੇ ਹੋਏ ਜੈਲ ਅਕਸਰ ਉਦਾਸਿਆ ਰਹਿੰਦਾ। ਆਪਣੇ ਭਰਾਵਾਂ ਵੱਲ ਦੇਖ ਦੇਖ ਕੁੜਦਾ ਰਹਿੰਦਾ। ਨਿੱਕੀ ਨਿੱਕੀ ਗੱਲ ਤੇ ਜੱਲੀ ਪਾ ਬੈਠ ਜਾਂਦਾ।

ਜੈਲ ਭਰਾਵਾਂ 'ਚੋ ਵੱਡਾ ਸੀ। ਪਲੇਠੀ ਦਾ ਹੋਣ ਕਰਕੇ ਲਾਡ ਪਿਆਰ ਵਿਚ ਰਿਹਾ ਤੇ ਅਠਵੀਂ ਤੋਂ ਆਗਾਂਹ ਨਾ ਲੰਘਿਆ। ਭਰਾ ਪੜ੍ਹ ਲਿਖ ਕੇ ਕਾਰੋਬਾਰ ਸੂਤ ਕਰ ਕੇ ਬਹਿ ਗਏ ਤੇ ਜੈਲ ਕਾਰਖਾਨਿਆ ਦਾ ਘੱਟਾ ਫੱਕਣ ਜੋਗਾ ਰਹਿ ਗਿਆ। ਉੱਤੋ ਚਾਰ ਨਿਆਣਿਆ ਦਾ ਪਿਓ ਹੋ ਗਿਆ ਸੀ। ਜੈਲ ਦਾ ਟੱਬਰ ਚੋਖਾ ਸੀ, ਫਿਰ ਵੀ ਬਖਸ਼ੀਸ਼ ਜੈਲ ਦੀ ਹਰ ਰੀਝ ਪੂਰੀ ਕਰਨ ਲਈ ਸਮਰੱਥ ਸੀ। ਭਾਵੇ ਪਿਓ ਤੇ ਥੋੜਾ ਬਹੁਤਾ ਭਰਾਵਾਂ ਦਾ ਹੱਥ ਹੋਣ ਕਾਰਨ ਉਸਦਾ ਦਾਣਾ ਪਾਣੀ

ਬਹੁਤ ਵਧੀਆ ਤਰੀਕੇ ਨਾਲ ਭੁਰਿਆ ਜਾ ਰਿਹਾ ਸੀ ਪਰ ਫਿਰ ਵੀ ਜੈਲ ਨੂੰ ਆਪਣਾ ਦਿਓ ਕੱਦ ਹਮੇਸ਼ਾ ਅਧੂਰਾ ਜਾਪਦਾ ਰਹਿੰਦਾ।

ਜੈਲ ਦੀ ਵੱਡੀ ਕੁੜੀ ਬਾਬੇ ਦੀ ਅਸੀਸ ਤੇ ਫੀਸ ਦੇ ਸਿਰ ਤੇ ਡਾਕਟਰੀ ਦੀ ਪੜ੍ਹਾਈ ਕਰ ਰਹੀ ਸੀ। ਬਾਕੀ ਤਿੰਨੇ ਬਾਲ ਵੀ ਅੰਗ੍ਰੇਜੀ ਸਕੂਲਾਂ 'ਚ ਮੁਹਾਰਤ ਹਾਸਲ ਕਰ ਰਹੇ ਸਨ। ਜੈਲ ਦੀ ਘਰਵਾਲੀ ਜਗਿੰਦਰੋ ਦੀ ਘਰੇ ਪੂਰੀ ਠਾਠ ਸੀ। ਪਰ ਹਰ ਪਾਸਿਓ ਖੁਸ਼ਹਾਲ ਹੋਣ ਦੇ ਬਾਵਜੂਦ ਵੀ ਜੈਲ ਦਾ ਰੋਣਹਾਕਾ ਚਿਹਰਾ ਕਦੇ ਵੀ ਨਾ ਖਿੜਦਾ।

ਜੈਲ ਨੇ ਆਪਣੀ ਕਮਾਈ ਦੇ ਸਿਰ ਤੇ ਜੇਕਰ ਕੁੱਝ ਬਣਾਇਆ ਸੀ ਤਾ ਉਹ ਸੀ ਉਸਦਾ ਚੇਤਕ ਸਕੂਟਰ, ਜਿਸਨੂੰ ਕਿ ਉਹ ਆਪਣੇ ਕਾਕੇ ਜੱਸੀ ਵਾਂਗ ਹੀ ਦੇਖਦਾ ਨਾ ਰੱਜਦਾ ਤੇ ਬਣਾ ਸ਼ਿੰਗਾਰ ਕੇ ਰੱਖਦਾ। ਇਹ ਲਾਜ਼ਮੀ ਸੀ ਜਿੱਦਣ ਉਸਦਾ ਸਕੂਟਰ ਬੀਮਾਰ ਹੋਵੇ ਭਾਵ ਤੁਰਨੋ ਇਨਕਾਰੀ ਹੋਵੇ ਉਸ ਦਿਨ ਜੈਲ ਦੀ ਪੱਕੀ ਕੰਮ ਤੋ ਛੁੱਟੀ ਹੁੰਦੀ । ਭਾਵੇ ਸਕੂਟਰ ਚਲਦਾ ਲਿਆ ਸੀ ਪਰ ਜਿਆਦਾਤਰ ਇਹ ਮਿਸਤਰੀ ਦੀ ਦੁਕਾਨੇ ਹੀ ਖੜਾ ਰਹਿੰਦਾ ਪਰ ਫਿਰ ਵੀ ਜੈਲ ਨੂੰ ਇਹ ਜਾਨੋਂ ਪਿਆਰਾ ਸੀ ।

ਰੰਜੇ ਸੈਣੀ ਨੂੰ ਉਸਦੇ ਟਿਕਾਣੇ ਤੇ ਲਾਹ ਜੈਲ ਆਪਣੇ ਰਾਹੇ ਪੈ ਗਿਆ । ਰਾਤ ਦੇ ਤਕਰੀਬਨ ਪੌਣੇ ਕੁ ਗਿਆਰਾ ਵੱਜੇ ਸਨ । ਸੜਕ 'ਤੇ ਟਾਵੀਂ ਟਾਵੀਂ ਆਵਾਜਾਈ ਸੀ ।

ਅਜੇ ਫਾਲਕੇ ਵਾਲਾ ਚੋਅ ਟੱਪਿਆ ਹੀ ਸੀ ਕਿ ਜੈਲ ਨੂੰ

ਦੂਰੋਂ ਸੜਕ ਦੀ ਖੱਬੀ ਕੰਨੀ ਇੱਕ ਵੱਡਾ ਸਾਰਾ ਚਿੱਟਾ ਬਕਸਾ ਦਿਖਾਈ ਦਿੱਤਾ। ਜੈਲ ਦਾ ਚਿੱਤ ਥੋੜ੍ਹਾ ਘਬਰਾਇਆ। ਫਿਰ ਵੀ ਹਿੰਮਤ ਕਰਕੇ ਜੈਲ ਨੇ ਬਿਲਕੁਲ ਕੋਲ ਆ ਸਕੂਟਰ ਨੂੰ ਬ੍ਰੇਕ ਲਿਆ ਮਾਰੀ। ਸਕੂਟਰ ਉੱਤਰਦੇ ਜੈਲ ਨੇ ਚੋਰ ਨਿਗਾ ਨਾਲ ਇੱਧਰ ਉੱਧਰ ਤੱਕਿਆ ਤੇ ਫੁਰਤੀ ਮਾਰਦੇ ਨੇ ਬਕਸਾ ਹਿਲਾ ਡੁਲਾ ਕੇ ਦੇਖਿਆ ।

ਚਿੱਟੇ ਗੱਤੇ ਦੇ ਡੱਬੇ ਵਿੱਚ ਨਿੱਕਾ ਜਿਹਾ ਕੂਲਰ ਪੱਖਾ ਸੀ। ਦੇਖ ਕੇ ਜੈਲ ਦਾ ਚਿਹਰਾ ਖਿੜ ਗਿਆ। ਜੈਲ ਨੇ ਕਾਹਲੀ ਕਾਹਲੀ ਸਕੂਟਰ 'ਚੋਂ ਰੱਸੀ ਕੱਢੀ ਤੇ ਡੱਬਾ ਆਰਾਮ ਨਾਲ ਚੁੱਕ ਸਕੂਟਰ ਦੇ ਪਿੱਛੇ ਬੰਨ ਲਿਆ। ਬੰਨ ਸੁਆਰ ਕੇ ਜੈਲ ਨੇ ਖਿੜੇ ਮੱਥੇ ਬੱਝੇ ਹੋਏ ਜੁਗਾੜ ਵੱਲ ਦੇਖਿਆ ਤੇ ਇੱਕ ਵਾਰ ਫਿਰ ਅੱਗੇ ਪਿੱਛੇ ਦੇਖਦੇ ਹੋਏ ਨੇ ਸਕੂਟਰ ਨੂੰ ਤੋਰਨ ਲਈ ਕਿੱਕ ਮਾਰੀ ।

ਸਕੂਟਰ ਸਟਾਰਟ ਨਾ ਹੋਇਆ। ਜੈਲ ਦੇ ਮੱਥੇ ਤਿਓੜੀਆਂ ਉਭਰ ਆਈਆਂ। ਜੈਲ ਨੇ ਦੂਹੋ ਦੂਹ ਅੱਠ ਦੱਸ ਕਿੱਕਾ ਮਾਰੀਆਂ ਪਰ ਸਕੂਟਰ ਦੇ ਹੱਥ ਖੜੇ ਸਨ। ਜੈਲ ਨੂੰ ਹੁਣ ਗੁੱਸਾ ਵੀ ਆ ਰਿਹਾ ਸੀ ਤੇ ਘਬਰਾਹਟ ਵੀ ਹੋ ਰਹੀ ਸੀ। ਗੁੱਸੇ 'ਚ ਆ ਜੈਲ ਨੇ ਪੂਰੇ ਜੋਰ ਨਾਲ ਸਕੂਟਰ ਦੇ ਪੁੜੇ 'ਚ ਠੁੱਡਾ ਮਾਰਿਆ ।

"ਇਹ ਮੇਰਾ ਸਾਲਾ ਗੰਜਾ ਜੇ ਮੱਥੇ ਨਾ ਲਗਦਾ ਤਾਂ ……", ਜੈਲ ਨੇ ਵਾਕ ਅਧੂਰਾ ਛੱਡ ਫਿਰ ਅਖੀਰਲੀ ਕੋਸ਼ਿਸ਼ ਕੀਤੀ ਪਰ ਚੇਤਕ ਨਾ ਕੁਸਕਿਆ। ਅਖੀਰ ਦਲੇਰ ਸਿੰਘ ਤੇ ਸਕੂਟਰ

ਨੂੰ ਮਨ ਆਈਆਂ ਗਾਲਾਂ ਕਢਦੇ ਹੋਏ ਜੈਲ ਨੇ ਸਕੂਟਰ ਰੇੜ੍ਹੇ ਪਾ ਲਿਆ ।

ਅਜੇ ਪੰਜ ਕੁ ਮਿੰਟ ਹੀ ਤੁਰਿਆ ਹੋਵੇਗਾ ਕਿ ਮੂਹਰਿਓ ਇੱਕ ਨਿੱਕੀ ਜਿਹੀ ਗੱਡੀ ਉਸਦੇ ਲਾਗੇ ਆ ਰੁਕ ਗਈ। ਜੈਲ ਸਮਝ ਗਿਆ ਕਿ ਜਰੂਰ ਇਸ ਗੱਡੀ ਵਾਲੇ ਦਾ ਹੀ ਸਮਾਂ ਡਿੱਗਿਆ ਹੋਵੇਗਾ ਜੋ ਉਸਦੇ ਹੱਥ ਲੱਗਾ ਹੈ।

ਗੱਡੀ ਵਿੱਚੋਂ ਦੋ ਮਧਰੇ ਕੱਦ ਦੇ ਪਤਲੇ ਸਰਦਾਰ ਉੱਤਰੇ ਤੇ ਜੈਲ ਦੇ ਨੇੜੇ ਆਏ। ਇੱਕ ਜਣਾ ਮੂਹਰੇ ਖੜਾ ਰਿਹਾ ਤੇ ਦੂਸਰਾ ਅਗਾਂਹ ਹੋ ਡੱਬੇ ਦਾ ਮੁਆਇਨਾ ਕਰਨ ਲੱਗ ਪਿਆ।

ਸਰਦਾਰਾਂ ਦੇ ਪਤਲੇ ਮਾੜਕੂ ਜੁੱਸਿਆ ਵੱਲ ਵੇਖ ਜੈਲ ਤਕੜਾ ਹੋ ਖੜ ਗਿਆ ਤੇ ਜੇਬ ਚੋਂ ਬੀੜੀ ਕੱਢ ਸੁਲਗਾ ਲਈ।

"ਵੀਰ ਜੀ, ਆਹ ਸਮਾਨ ਤੁਹਾਨੂੰ ਰਾਹ ਚੋਂ ਲੱਭਿਆ", ਮੁਆਇਨਾ ਕਰਦੇ ਸਰਦਾਰ ਨੇ ਆਪਣਾ ਸਮਾਨ ਪਛਾਣ ਲਿਆ ਸੀ ਤੇ ਸਪਸ਼ਟੀਕਰਨ ਮੰਗਿਆ ।

"ਆਹੋ", ਜੈਲ ਨੇ ਨਿਧੜਕ ਹੋ ਕਿਹਾ। ਪਰ ਉਸਦੀ ਨੀਅਤ ਸਮਾਨ ਮੋੜਨ ਦੀ ਨਹੀ ਸੀ। ਹੱਥ ਲੱਗੇ "ਖਜ਼ਾਨੇ" ਲਈ ਉਹ ਮਰਨ-ਮਾਰਨ ਨੂੰ ਵੀ ਤਿਆਰ ਸੀ। ਇੱਕ ਉਸਦਾ ਦਿਮਾਗ ਸਕੂਟਰ ਨੇ ਖਰਾਬ ਕਰ ਦਿੱਤਾ ਸੀ ।

"ਵੀਰ ਜੀ, ਇਹ ਕੂਲਰ ਸਾਥੋਂ ਹੀ ਡਿੱਗਿਆ ਸੀ । ਕੱਲ ਨੂੰ ਮੇਰੀ ਗੁੱਡੀ ਦਾ ਵਿਆਹ ਹੈ ਤੇ ਇਹ ਉਸਦੇ ਦਾਜ ਵਿੱਚ ਜਾਣਾ ਹੈ", ਮੂਹਰੇ ਖੜੇ ਸਰਦਾਰ ਦੇ ਹੱਥ ਜੁੜ ਗਏ ।

"ਗੁੱਡੀ ਦਾ ਵਿਆਹ...?" ਸੁਣਦੇ ਸਾਰ ਜੈਲ ਪੰਘਰ ਗਿਆ।

ਜੈਲ ਨੂੰ ਆਪਣਾ ਆਪ ਕੱਖੋ ਹੌਲਾ ਜਾਪਣ ਲੱਗਾ। ਇੱਕ ਵਾਰ ਫੇਰ ਉਸਨੂੰ ਆਪਣਾ ਸਰੀਰ ਲਾਸ਼ ਸਮਾਨ ਲੱਗਾ। ਉਸਦੇ ਦਿਮਾਗ ਵਿੱਚ ਇੱਕ ਵਾਵਰੋਲਾ ਘੁੰਮਣ ਲੱਗਾ ਤੇ ਇਸ ਵਾਵ-ਰੋਲੇ 'ਚ ਉਸਨੂੰ ਕਈ ਨਕਸ਼ ਦਿਖਾਈ ਦਿੱਤੇ: ਆਪਣਾ ਪਿਓ ਬਖਸ਼ੀਸ਼ ਸਿੰਘ, ਡਾਕਟਰੀ ਕਰਦੀ ਉਸਦੀ ਧੀ ਜੋਤ, ਚੇਤਕ ਨੂੰ ਕਿੱਕਾਂ ਮਾਰਦਾ ਉਸਦਾ ਆਪਣਾ ਅਕਸ ਤੇ ਕਈ ਕੁਝ ਹੋਰ। ਹੱਥ ਜੋੜੀ ਖੜੇ ਸਰਦਾਰ ਦੀ ਥਾਂ ਉਸਨੂੰ ਆਪਣਾ ਪਿਓ ਦਿਖਾਈ ਦਿੱਤਾ ਜਿਵੇ ਕਿਸੇ ਦੀਆਂ ਮਿੰਨਤਾਂ ਕਰਦਾ ਹੋਵੇ।

ਘੜੀ ਵਿੱਚ ਹੀ ਜੈਲ ਪਸੀਨੇ ਨਾਲ ਭਿੱਜ ਗਿਆ। ਬੀੜੀ ਕਦੋਂ ਹੇਠਾਂ ਡਿੱਗੀ ਉਸਨੂੰ ਕੁਝ ਪਤਾ ਨਹੀ। ਬਿਨਾ ਕੁੱਝ ਹੋਰ ਕਹੇ ਸੁਣੇ ਜੈਲ ਨੇ ਡੱਬੇ ਨੂੰ ਬੰਨੀ ਰੱਸੀ ਖੋਲ ਦਿੱਤੀ ਤੇ ਸਮਾਨ ਵਾਰਸਾਂ ਨੂੰ ਸੌਂਪ ਦਿੱਤਾ। ਦੋਵਾਂ ਸਰਦਾਰਾਂ ਨੇ ਹੱਥ ਜੋੜ ਕੇ ਧੰਨਵਾਦ ਕੀਤਾ ਤੇ ਸਮਾਨ ਲੈ ਕੇ ਆਪਣੇ ਰਾਹੇ ਪਏ।

ਗੱਡੀ ਜਿਓਂ ਜਿਓਂ ਅੱਖੋਂ ਦੂਰ ਜਾਂਦੀ ਗਈ ਤਿਓਂ ਤਿਓਂ ਜੈਲ ਵਰਤਮਾਨ ਵਿੱਚ ਪਰਤਦਾ ਆਇਆ। ਜੈਲ ਦੇ ਚੇਹਰੇ 'ਤੇ ਇੱਕ ਇਲਾਹੀ ਮੁਸਕਰਾਹਟ ਉੱਤਰ ਆਈ। ਕੁਝ ਦੇਰ ਉਸੇ ਮੁਦਰਾ ਵਿੱਚ ਝੂਮਣ ਮਗਰੋਂ ਜੈਲ ਨੇ ਪੈਰ ਪੁੱਟੇ ਤੇ ਸਕੂਟਰ ਨੂੰ ਅਗਾਂਹ ਹੋ ਕੇ ਕਿੱਕ ਮਾਰੀ। ਸਕੂਟਰ ਇੱਕ ਦਮ ਸਟਾਰਟ ਹੋ ਗਿਆ । ਜੈਲ ਦੇ ਮੁੱਖ ਤੇ ਪਲ ਦੀ ਪਲ ਹੈਰਾਨੀ ਦੇ ਭਾਵ ਉਪਜੇ। ਫੇਰ ਖੀਵੇ ਹੁੰਦੇ ਹੋਏ ਨੇ ਸਕੂਟਰ ਨੂੰ ਪਿਆਰ ਨਾਲ ਥਾਪੀ ਦਿੱਤੀ ਤੇ ਪੁੱਤਰਾਂ ਵਾਂਗੂ ਪੁਚਕਾਰਦੇ ਹੋਏ ਚਾਲੇ ਪਾ ਲਿਆ ।



ਵਿਰਲਾਪ —

ਰਾਤੀਂ ਧੁੱਲ੍ਹ ਦੇ ਤੈਹਾਂ 'ਚੋਂ ਰਿਸ਼ਤੇ
ਸਵੇਰ ਹੁੰਦਿਆਂ ਫਿਰ
ਸਿਮਟ ਜਾਂਦੇ ਤੈਹਾਂ ਸੰਗ ਰਿਸ਼ਤੇ
ਬਿਸਤਰਿਆਂ ਦਾ ਵਿਰਲਾਪ
ਭਲਾ ਕੌਣ ਸੁਣਦਾ ਹੈ ?

— ਜਗਜੀਵਨ ਕੌਰ

ਅੰਬਰ ਲਈ ਸਹਿਯੋਗ ਭੇਜਣ ਲਈ ਵੇਰਵਾ

Gurmeet Singh
Kotak Mahindra Bank
A/C No. - 3213855511
IFSC - KKBK0003907

Paytm G Pay +918195908727

ਤੁਸੀਂ ਰਚਨਾਵਾਂ, ਸੁਝਾਅ ਅਤੇ ਇਸ਼ਤਿਹਾਰ ਹੇਠ
ਲਿਖੀ ਈਮੇਲ ਆਈਡੀ 'ਤੇ ਭੇਜ ਸਕਦੇ ਹੋ ।

sahitakambar@gmail.com

ਅੰਬਰ ਨਾਲ ਤੁਸੀਂ ਸੋਸ਼ਲ ਮੀਡੀਆ 'ਤੇ ਵੀ ਜੁੜ ਸਕਦੇ ਹੋ ।

WHATSAPP
+91
9465432457

FACEBOOK
ਅੰਬਰ ਮੈਗਜ਼ੀਨ
sahitak.ambar

TWITTER
ਅੰਬਰ ਮੈਗਜ਼ੀਨ
sahitak_ambar

TELEGRAM
ਅੰਬਰ ਮੈਗਜ਼ੀਨ
sahitak_ambar

INSTAGRAM
ਅੰਬਰ ਮੈਗਜ਼ੀਨ
sahitak.ambar